27

# ਮਸੀਹ ਵਿਚ ਨਿਆਣਿਆਂ ਲਈ ਸਿਆਣੀ ਸਲਾਹ

## (9:23-30; 22:17-21)

ਯਿਸੂ ਨੇ ਨਿਕੁਦੇਮੁਸ ਨਾਲ ਗੱਲ ਕਰਦਿਆਂ ਮਨਬਦਲੀ ਦੀ ਪ੍ਰਕ੍ਰਿਆ ਦੀ ਤੁਲਨਾ ਜਨਮ ਲੈਣ ਨਾਲ ਕੀਤੀ ਸੀ। ਉਹਨੇ ਇਸ ਯਹੂਦੀ ਹਾਕਮ ਨੂੰ ਦੱਸਿਆ ਸੀ ਕਿ ''ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪ੍ਰਮੇਸ਼ਵਰ ਦੇ ਰਾਜ ਨੂੰ ਵੇਖ ਨਹੀਂ ਸਕਦਾ'' (ਯੂਹੰਨਾ 3:3; ਤੁਲਨਾ ਯੂਹੰਨਾ 3:5; 1 ਪਤਰਸ 1:22, 23)। ਨਵਾਂ ਨੇਮ ਨਵੇਂ ਬਣੇ ਮਸੀਹੀਆਂ ਨੂੰ ''ਮਸੀਹ ਵਿਚ ਨਿਆਣੇ'' ਦੱਸਦਾ ਹੈ (1 ਕੁਰਿੰਥੀਆਂ 3:1; ਇਬਰਾਨੀਆਂ 5:13 ਵੀ ਵੇਖੋ)।[1] ਮਸੀਹ ਵਿਚ ਨਿਆਣੇ ਹੋਣ ਕਰਕੇ ਵਿਚ ਮਸੀਹੀ ਲੋਕਾਂ ਉੱਤੇ ਨਵਜੰਮੇ ਬੱਚਿਆਂ ਤੇ ਆਉਣ ਵਾਲੀਆਂ ਤਕਲੀਫ਼ਾਂ ਅਤੇ ਅਨੰਦ ਆਉਣਾ ਲਾਜ਼ਮੀ ਹੈ।

ਪਿਛਲੇ ਪਾਠ ਵਿਚ, ਅਸੀਂ ਤਰਸੁਸ ਵਾਸੀ ਸੌਲੁਸ (ਪੌਲੁਸ ਰਸੂਲ ਦੇ ਨਾਂਅ ਨਾਲ ਮਸ਼ਹੂਰ) ਦੇ ''ਨਵੇਂ ਜਨਮ ਦੀ ਪ੍ਰਕ੍ਰਿਆ'' ਵੇਖੀ ਸੀ।[2] ਇਸ ਪਾਠ ਵਿਚ ਇਕ ਮਸੀਹੀ ਦੇ ਰੂਪ ਵਿਚ ਸੌਲੁਸ ਦੇ ਮੁਢਲੇ ਦਿਨਾਂ ਤੇ ਧਿਆਨ ਦਿੰਦਿਆਂ ਅਸੀਂ ਰਸੂਲਾਂ ਦੇ ਕੰਮ 9 ਦਾ ਅਧਿਐਨ ਜਾਰੀ ਰੱਖਾਂਗੇ।[3] ਇਸ ਵਿਰਤਾਂਤ ਤੋਂ ਅਸੀਂ ''ਮਸੀਹ ਵਿਚ ਨਿਆਣਿਆਂ ਲਈ'' ਕੁਝ ''ਸਿਆਣੀਆਂ'' ਸਲਾਹਾਂ ਲਵਾਂਗੇ।

### ਆਪਣੇ ਪਰਿਵਾਰ ਦੀ ਤਰੀਫ਼ ਕਰੋ (9:19, 20, 26-28, 30)

ਕਿਸੇ ਡਾਕਟਰ ਨੇ ਮੈਨੂੰ ਇਕ ਵਾਰ ਦੱਸਿਆ ਸੀ ਕਿ ਛੋਟੇ ਬੱਚਿਆਂ ਦਾ ਮਰਨਾ ਕੁਦਰਤੀ ਹੈ। ਕੁਝ ਨਵਜੰਮੇ ਜੀਵਾਂ ਦੇ ਮੁਕਾਬਲੇ, ਇਨਸਾਨੀ ਬੱਚਿਆਂ ਦੀ ਦੇਖਭਾਲ ਜ਼ਰੂਰੀ ਹੁੰਦੀ ਹੈ। ਉਸ ਲਗਾਤਾਰ ਸੰਭਾਲ ਲਈ ਖ਼ੁਦਾ ਨੇ ਪਰਿਵਾਰ ਮੁਹੱਈਆ ਕਰਵਾਇਆ ਹੈ। *ਨਵੇਂ ਬਣੇ ਮਸੀਹੀਆਂ* ਦੀ ਮੌਤ ਦਰ ਬੱਚਿਆਂ ਦੀ ਮੌਤ ਦਰ ਨਾਲੋਂ ਕਿਤੇ ਵੱਧ ਹੈ। ਮਸੀਹ ਵਿਚ ਬੱਚਿਆਂ ਨੂੰ ਤਾਕਤ ਦੇਣ ਅਤੇ ਦਲੇਰ ਕਰਨ ਲਈ ਖ਼ੁਦਾ ਨੇ ਇਕ ਹੋਰ ਪਰਿਵਾਰ ਦਿੱਤਾ ਹੈ, ਜਿਸ ਨੂੰ ਕਲੀਸੀਆ ਕਹਿੰਦੇ ਹਨ।[4] ਪੌਲੁਸ ਨੇ ''ਪ੍ਰਮੇਸ਼ਵਰ ਦੇ ਘਰ, ਜਿਊਂਦੇ ਪ੍ਰਮੇਸ਼ਵਰ ਦੀ ਕਲੀਸੀਆ'' ਦੀ ਗੱਲ ਕੀਤੀ ਹੈ (1 ਤਿਮੋਥਿਉਸ 3:15)। ਅੰਗ੍ਰੇਜ਼ੀ ਦੇ ਇਕ ਅਨੁਵਾਦ ਵਿਚ ''ਪ੍ਰਮੇਸ਼ਵਰ ਦਾ ਘਰ'' ਦੀ ਥਾਂ, ''ਪ੍ਰਮੇਸ਼ਵਰ ਦਾ *ਪਰਿਵਾਰ*'' ਹੈ।[5]

ਮੈਂ ਉਨ੍ਹਾਂ ਬੱਚਿਆਂ ਨੂੰ ਜਾਣਦਾ ਹਾਂ ਜੋ ਆਪਣੇ ਪਰਿਵਾਰ ਦੀ ਤਰੀਫ਼ ਨਹੀਂ ਕਰਦੇ।[6] ਦੁੱਖ

ਦੀ ਗੱਲ ਹੈ ਕਿ ਮੈਂ ਅਜਿਹੇ ਮਸੀਹੀ ਲੋਕਾਂ ਨੂੰ ਵੀ ਜਾਣਦਾ ਹਾਂ ਜੋ ਖ਼ੁਦਾ ਵੱਲੋਂ ਦਿੱਤੇ ਗਏ ਰੂਹਾਨੀ ਪਰਿਵਾਰ ਦੀ ਤਰੀਫ਼ ਦਿਲੋਂ ਨਹੀਂ ਕਰਦੇ। ਨਵੇਂ ਮਸੀਹੀਆਂ ਨੂੰ ਕਲੀਸੀਆ ਦੀ ਤਰੀਫ਼ ਦੇ ਨਾਲ-ਨਾਲ ਪ੍ਰਭੂ ਵੱਲੋਂ ਕੀਤੇ ਗਏ ਇੰਤਜ਼ਾਮ ਦਾ ਫ਼ਾਇਦਾ ਵੀ ਲੈਣਾ ਚਾਹੀਦਾ ਹੈ।

ਜੋ ਲੋਕ ਕਲੀਸੀਆ ਦੀ ਅਹਿਮੀਅਤ ਨਹੀਂ ਸਮਝਦੇ, ਉਨ੍ਹਾਂ ਨੂੰ ਸੌਲੁਸ ਦੀ ਮਨਬਦਲੀ ਨੂੰ ਹੋਰ ਵੀ ਧਿਆਨ ਨਾਲ ਸਮਝਣ ਦੀ ਲੋੜ ਹੈ। ਉਸ ਸਤਾਉਣ ਵਾਲੇ ਨੂੰ ਰਾਹ ਵਿਚ ਦਰਸ਼ਨ ਦੇ ਕੇ ਯਿਸੂ ਨੂੰ ਕਿਹਾ ਸੀ, ''ਹੇ ਸੋਲੁਸ, ਹੇ ਸੌਲੁਸ! ਤੂੰ *ਮੈਨੂੰ* ਕਿਉਂ ਸਤਾਉਂਦਾ ਹੈਂ?'' (9:4)। ਸੌਲੁਸ ਨੇ ਯਿਸੂ ਨੂੰ ਤਾਂ ਨਹੀਂ ਸਤਾਇਆ ਸੀ; ਪਰ ਇਸ ਜਵਾਨ ਨੇ ਯਿਸੂ ਦੇ *ਚੇਲਿਆਂ* ਨੂੰ ਜ਼ਰੂਰ ਸਤਾਇਆ ਸੀ (8:1-3)। ਜਦ ਕੋਈ ਯਿਸੂ ਦੇ ਚੇਲਿਆਂ ਨਾਲ ਬਦਸਲੂਕੀ ਕਰਦਾ ਹੈ, ਤਾਂ ਉਹ ਯਿਸੂ ਨਾਲ ਹੀ ਬਦਸਲੂਕੀ ਕਰ ਰਿਹਾ ਹੁੰਦਾ ਹੈ। ਮੈਂ ਵਿਚਾਰ ਨੂੰ ਥੋੜ੍ਹਾ ਵਿਸਤਾਰ ਦਿੰਦਾ ਹਾਂ। ਸੌਲੁਸ ਨੇ ਖ਼ਾਸ ਤੌਰ ਤੇ *ਕਲੀਸੀਆ* ਨੂੰ ਸਤਾਇਆ ਸੀ; ਰਸੂਲਾਂ ਦੇ ਕੰਮ 8 ਵਿਚ ਅਸੀਂ ਪੜ੍ਹਦੇ ਹਾਂ ਕਿ ''ਓਸੇ ਦਿਨ ਕਲੀਸੀਆ ਉੱਤੇ ਜੋ ਯਰੂਸ਼ਲਮ ਵਿਚ ਸੀ ਵੱਡਾ ਕਸ਼ਟ ਹੋਣ ਲੱਗਾ ਅਤੇ ... ਸੌਲੁਸ *ਕਲੀਸੀਆ* ਦਾ ਨਾਸ ਕਰਦਾ ਸੀ'' (ਆਇਤਾਂ 1, 3)। ਆਪਣੀਆਂ ਪੱਤਰੀਆਂ ਵਿਚ, ਪੌਲੁਸ ਨੇ ਜ਼ੋਰ ਦੇ ਕੇ ਕਿਹਾ ਕਿ ਉਹਨੇ ਕਲੀਸੀਆ ਨੂੰ ਸਤਾਇਆ ਸੀ। ''... ਮੈਂ ਪ੍ਰਮੇਸ਼ਵਰ ਦੀ ਕਲੀਸੀਆ ਨੂੰ ਸਤਾਇਆ ਸੀ'' (1 ਕੁਰਿੰਥੀਆ 15:9); ''ਮੈ ਪ੍ਰਮੇਸ਼ਵਰ ਦੀ ਕਲੀਸੀਆ ਨੂੰ ਹੱਦੋਂ ਬਾਹਰ ਸਤਾਉਂਦਾ ਅਤੇ ਉਹਨੂੰ ਬਰਬਾਦ ਕਰਦਾ ਸਾਂ'' (ਗਲਾਤੀਆਂ 1:13)। ਫ਼ਿਲਿੱਪੀਆਂ 3:6 ਵਿਚ ਪੌਲੁਸ ਨੇ ਆਪਣੇ ਆਪ ਨੂੰ ''ਕਲੀਸੀਆ ਦਾ ਸਤਾਉਣ ਵਾਲਾ'' ਕਿਹਾ। ਪਰ, ਯਿਸੂ ਨੇ ਕਿਹਾ ਕਿ ਸੌਲੁਸ *ਉਸ ਨੂੰ* ਸਤਾ ਰਿਹਾ ਸੀ। ਨਿਚੋੜ ਇਹ ਹੈ ਕਿ ਯਿਸੂ ਨੂੰ ਉਹਦੀ ਕਲੀਸੀਆ ਤੋਂ ਵੱਖ ਨਹੀਂ ਕੀਤਾ ਸਕਦਾ![7]

ਸੌਲੁਸ ਦਾ ਬਪਤਿਸਮਾ ਹੋਣ ਨਾਲ ਪ੍ਰਭੂ ਦੁਆਰਾ ਉਹਨੂੰ ਕਲੀਸੀਆ ਵਿਚ ਮਿਲਾਇਆ ਗਿਆ[8] ਅਤੇ ਓਸੇ ਦਿਨ ਉਸ ਨੂੰ ਦਮਿਸ਼ਕ ਦੀ ਮੰਡਲੀ ਵਿਚ ਕਬੂਲ ਕਰ ਲਿਆ ਗਿਆ। (ਮੈਂ ਕਲਪਨਾ ਕਰਦਾ ਹਾਂ ਕਿ ਉਨ੍ਹਾਂ ਵਿੱਚੋਂ ਕਈ ਸੌਲੁਸ ਦੇ ਬਪਤਿਸਮੇ ਸਮੇਂ ਉੱਥੇ ਹੀ ਸਨ,[9] ਜਦ ਉਹ ਪਾਣੀ ਵਿੱਚੋਂ ਬਾਹਰ ਆਇਆ, ਤਾਂ ਉਹ ''ਸਵਾਗਤ ਹੈ, ਭਾਈ ਸੌਲੁਸ!'' ਨਾਲ ਸਲਾਮ ਕਹਿੰਦਿਆਂ ਉਹਦੇ ਨਾਲ ਹੱਥ ਮਿਲਾ ਰਹੇ ਸਨ।) ਸਾਨੂੰ ਦੱਸਿਆ ਗਿਆ ਹੈ ਕਿ ਬਪਤਿਸਮੇ ਦੇ ਬਾਅਦ ਸੌਲੁਸ ''ਕਈ ਦਿਨ ਤਕ ਦੰਮਿਸਕ ਵਿਚ ਚੇਲਿਆਂ ਦੇ ਨਾਲ ਰਿਹਾ'' (ਆਇਤ 19)। ਫਿਰ, ''ਉਹ ਤੁਰਤ ਸਮਾਜਾਂ ਵਿਚ ਯਿਸੂ ਦਾ ਪ੍ਰਚਾਰ ਕਰਨ ਲੱਗਾ'' (ਆਇਤ 20)। ਮਸੀਹ ਵਿਚ ਇਸ ਬਾਲਕ ਦੇ ਪ੍ਰਚਾਰ ਕਰਨ ਦੀ *ਹਿੰਮਤ* ਦੀ ਇਕ ਵਜ੍ਹਾ ਇਹ ਵੀ ਸੀ ਕਿ ਮਸੀਹ ਵਿਚ ਉਹਦੇ ਨਵੇਂ ਭਾਈਆਂ ਅਤੇ ਭੈਣਾਂ ਨੇ ਉਹਨੂੰ *ਹੱਲਾਸ਼ੇਰੀ* ਦਿੱਤੀ ਸੀ! ਬਾਅਦ ਵਿਚ ਦਮਿਸ਼ਕ ਵਿਚ, ਜਦ ਸੌਲੁਸ ਦੀ ਜਾਨ ਖ਼ਤਰੇ ਵਿਚ ਪੈ ਗਈ, ਤਾਂ ਉਸ ਦਾ ਰੂਹਾਨੀ ਪਰਿਵਾਰ ਉਹਨੂੰ ਬਚਾਉਣ ਲਈ ਅੱਗੇ ਆਇਆ ਸੀ (ਆਇਤ 25)।

ਭਲਾਈ ਲਈ ਦਮਿਸ਼ਕ ਛੱਡਣ ਦੇ ਬਾਅਦ ਪੌਲੁਸ ਯਰੂਸ਼ਲਮ ਵਾਪਸ ਚਲਾ ਗਿਆ। ਯਰੂਸ਼ਲਮ ਵਿਚ ਉਹ ਚਾਹੁੰਦਾ ਸੀ ਕਿ ਫੇਰ ਪ੍ਰਭੂ ਵਿਚ ਆਪਣੇ ਭਾਈਆਂ ਅਤੇ ਭੈਣਾਂ ਦੇ ਦਰਮਿਆਨ ਰਹੇ। ਅਸੀਂ ਪੜ੍ਹਦੇ ਹਾਂ, ''ਜਾਂ ਉਹ ਯਰੂਸ਼ਲਮ ਵਿਚ ਆਇਆ ਤਾਂ ਚੇਲਿਆਂ ਵਿਚ ਰਲ ਜਾਣ ਦਾ ਜਤਨ ਕੀਤਾ'' (ਆਇਤ 26)।[10] ਅਨੁਵਾਦ ਹੋਏ ਸ਼ਬਦ ''ਨਾਲ ਰਲ ਜਾਣ'' ਭਾਵ ''ਸ਼ਾਮਲ ਹੋਣ'' ਦਾ ਸ਼ਬਦੀ ਅਰਥ ਹੈ ''ਜੁੜਨਾ ਜਾਂ ਚੰਬੜਨਾ।''[11] ਸੌਲੁਸ ਯਰੂਸ਼ਲਮ ਦੀ ਮੰਡਲੀ ਦੀ ਸੰਗਤੀ ਵਿਚ ਆਉਣਾ ਚਾਹੁੰਦਾ ਸੀ। ਇਹ ਐਨਾ ਜ਼ਰੂਰੀ ਸੀ ਕਿ ਮੂਲ ਭਾਸ਼ਾ

ਮੁਤਾਬਕ ਉਹ ਚੇਲਿਆਂ ਨੂੰ ਸ਼ਾਮਲ ਕਰਨ ਲਈ ਆਪਣੇ ਆਪ ਨੂੰ ਮਿਲਾਉਣ ਦੀ ''ਕੋਸ਼ਿਸ਼ ਕਰਦਾ ਰਿਹਾ'' ਹੈ।

ਪਹਿਲਾਂ ਅਸੀਂ ਜ਼ੋਰ ਦੇ ਚੁਕੇ ਹਾਂ ਕਿ ਪ੍ਰਭੂ ਦੀ ਕਲੀਸੀਆ ਵਿਚ ਆਪਣੀ ਮਰਜ਼ੀ ਨਾਲ ਸ਼ਾਮਲ ਨਹੀਂ ਹੋਇਆ ਜਾ ਸਕਦਾ, ਸਗੋਂ ਪ੍ਰਭੂ ਆਪ ਹੀ ਸਾਨੂੰ ਕਲੀਸੀਆ ਵਿਚ ਰਿਲਾਉਂਦਾ ਹੈ (2:41, 47)। ਪਰ ਪ੍ਰਭੂ ਦੀ ਕਲੀਸੀਆ ਦੀ ਵਿਸ਼ਵਵਿਆਪੀ ਦੇਹ ਵਿਚ ਮਿਲਾਏ ਜਾਣ ਦੇ ਬਾਅਦ, ਆਪਣੇ ਆਪ ਨੂੰ ਸਥਾਨਕ *ਮੰਡਲੀ* ਵਿਚ ''ਸ਼ਾਮਲ ਕੀਤਾ'' ਜਾ ਸਕਦਾ ਹੈ (ਅਤੇ ਕੀਤਾ ਜਾਣਾ ਚਾਹੀਦਾ ਵੀ ਹੈ)। ਹਰ ਮਸੀਹੀ ਲਈ ਸਥਾਨਕ ਮੰਡਲੀ ਦਾ ਐਕਟਿਵ ਮੈਂਬਰ ਹੋਣਾ ਜ਼ਰੂਰੀ ਹੈ।[12] ਸੌਲੁਸ ਵੀ ਮੰਡਲੀ ਦਾ ਐਕਟਿਵ ਮੈਂਬਰ ਬਣਨਾ ਚਾਹੁੰਦਾ ਸੀ। ਦਮਿਸ਼ਕ ਵਿਚ ਸੌਲੁਸ ਦਾ ਬਪਤਿਸਮਾ ਹੋਣ ਤੇ ਉਹ ਖੁਦ-ਬ-ਖੁਦ ਉੱਥੋਂ ਦੀ ਸਥਾਨਕ ਮੰਡਲੀ ਦਾ ਭਾਗ ਬਣ ਗਿਆ ਸੀ। ਜਿਵੇਂ ਕਿ ਆਮ ਤੌਰ ਤੇ ਬਪਤਿਸਮਾ ਲੈਣ ਤੇ ਕੋਈ ਵੀ ਬਣਦਾ ਹੈ।[13] ਯਰੂਸ਼ਲਮ ਵਿਚ ਆਉਣ ਨਾਲ ਉਹ ਆਪਣੇ ਆਪ ਹੀ ਉਸ ਮੰਡਲੀ ਦਾ ਭਾਗ ਨਹੀਂ ਬਣ ਗਿਆ ਸਗੋਂ ਉਸ ਨੇ ਉਨ੍ਹਾਂ ਦੀ ਸੰਗਤੀ ਦੀ ਇੱਛਾ ਕੀਤੀ, ਜਿਸ ਕਰਕੇ ਉਹ ਉਨ੍ਹਾਂ ਵਿਚ ਸ਼ਾਮਲ ਹੋਣ ਦੀ ਕੋਸ਼ਿਸ਼ ਕਰਨ ਲੱਗਾ।

ਅਸੀਂ ਉਸ ਵਿਸ਼ਵਿਆਪੀ ਕਲੀਸੀਆ ਦੀ ਅਹਿਮੀਅਤ ਵੇਖ ਚੁੱਕੇ ਹਾਂ ਜਿਹਦੇ ਲਈ ਯਿਸੂ ਮਰਿਆ ਸੀ।[14] *ਸਥਾਨਕ* ਕਲੀਸੀਆ ਦੀ ਵੀ ਅਹਿਮੀਅਤ ਹੈ। ਅਸਲ 'ਚ ਵਿਸ਼ਵਵਿਆਪੀ ਕਲੀਸੀਆ ਦੀ ਇੱਕੋ ਇਕ ਵਿਖਾਈ ਦੇਣ ਵਾਲਾ ਅਤੇ ਵਿਹਾਰਕ ਰੂਪ ਸਥਾਨਕ ਮੰਡਲੀਆਂ ਹੀ ਹਨ। ਪੌਲੁਸ ਨੇ ਪੱਤਰੀਆਂ ''ਵਿਸ਼ਵਵਿਆਪੀ ਕਲੀਸੀਆ'' ਨੂੰ ਨਹੀਂ ਸਗੋਂ ਸਥਾਨਕ ਮੰਡਲੀਆਂ ਦੇ ਨਾਂ ਲਿਖੀਆਂ (1 ਕੁਰਿੰਥੀਆਂ 1:2; 2 ਕੁਰਿੰਥੀਆਂ 1:1; ਗਲਾਤੀਆਂ 1:2; 1 ਥੱਸਲੁਨੀਕੀਆਂ 1:1; 2 ਥੱਸਲੁਨੀਕੀਆਂ 1:1)।

ਨਵੇਂ ਨੇਮ ਵਿਚ ਆਮ ਤੌਰ ਤੇ ਸਥਾਨਕ ਮੰਡਲੀ ਦੀ ਅਹਿਮੀਅਤ ਦੇ ਜ਼ੋਰ ਦਿੱਤਾ ਗਿਆ ਹੈ। ਪ੍ਰਕਾਸ਼ ਦੀ ਪੋਥੀ ਵਿਚ ਯਿਸੂ ਦੀ ਪਛਾਣ ਉਹਦੇ ਰੂਪ ਵਿਚ ਕੀਤੀ ਗਈ ਹੈ ''ਜਿਹਨੇ ਆਪਣੇ ਸੱਜੇ ਹੱਥ ਵਿਚ ਤਾਰੇ ਫੜੇ ਹੋਏ ਹਨ'' ਜੋ ਕਿ ਅਸੀਆ ਦੀਆਂ ''ਸੱਤ ਕਲੀਸੀਆਵਾਂ [ਮੰਡਲੀਆਂ]'' ਹਨ (ਪ੍ਰਕਾਸ਼ ਦੀ ਪੋਥੀ 2:1; 1:4, 20)। ਹੋ ਸਕੇ ਤਾਂ ਸਾਡੇ ਵਿੱਚੋਂ ਹਰੇਕ ਨੂੰ ਐਲਡਰਾਂ (ਬਜ਼ੁਰਗਾਂ) ਦੀ ਨਿਗਰਾਨੀ ਵਿਚ ਰਹਿਣਾ ਚਾਹੀਦਾ ਹੈ (ਇਬਰਾਨੀਆਂ 13:17),[15] ਪਰ ਐਲਡਰਾਂ ਦੀ ਨਿਗਰਾਨੀ ਦੀ ਹੱਦ ਸਿਰਫ਼ ਸਥਾਨਕ ਮੰਡਲੀ ਤਕ ਹੀ ਹੈ।[16] ਜੇ ਅਸੀਂ ਸਥਾਨਕ ਮੰਡਲੀ ਦੇ ਮੈਂਬਰ ਨਹੀਂ ਹੈ ਤਾਂ ਅਸੀਂ ਐਲਡਰਾਂ ਦੀ ਨਿਗਰਾਨੀ ਵਿਚ ਨਹੀਂ ਰਹਿ ਸਕਦੇ।

ਇਕ ਥਾਂ ਤੋਂ ਦੂਜੀ ਥਾਂ ਨੂੰ ਜਾਣ ਲਈ ਤੁਹਾਨੂੰ ਸੌਲੁਸ ਵਰਗਾ ਬਣਨ ਦੀ ਲੋੜ ਹੈ ਭਾਵ ਜਿੰਨੀ ਛੇਤੀ ਹੋ ਸਕੇ ਪ੍ਰਭੂ ਦੇ ਲੋਕਾਂ[17] ਦੀ ਵਿਸ਼ਵਾਸੀ ਮੰਡਲੀ ਲੱਭ ਕੇ, ਉਨ੍ਹਾਂ ਨੂੰ ਯਕੀਨ ਦੁਆਓ[18] ਕਿ ਤੁਸੀਂ ਮਸੀਹੀ ਲੋਕਾਂ ਦੀ ਉਸ ਜਮਾਤ ਵਿਚ ''ਆਪਣੇ ਆਪ ਨੂੰ ਸ਼ਾਮਲ ਕਰਨ'' ਦੇ ਚਾਹਵਾਨ ਹੋ।

ਯਰੂਸ਼ਲਮ ਦੇ ਮਸੀਹੀ ਪਹਿਲਾਂ ਤਾਂ, ਪੌਲੁਸ ਨੂੰ ਕਬੂਲ ਕਰਨ ਤੋਂ ਝਿਜਕਦੇ ਸਨ[19]; ਪਰ ਜਦ ਬਰਨਬਾਸ ਨੇ ਉਸ ਵਿਚ ਨਿੱਜੀ ਦਿਲਚਸਪੀ ਲਈ ਅਤੇ ਉਹਦੀ ਹਮਾਇਤ ਕੀਤੀ ਤਾਂ ਸਭ ਨੇ ਉਸ ਨੂੰ ਗ੍ਰਹਿਣ ਕਰ ਲਿਆ (ਆਇਤ 27)। ਫਿਰ ਉਹ ਮਸੀਹੀ ਲੋਕਾਂ ਵਿਚ ਬੇ-ਰੋਕ ਟੋਕ ਆ ਜਾ ਸਕਦਾ ਸੀ (ਆਇਤ 28) ਅਤੇ ਉਨ੍ਹਾਂ ਦੀ ਸੰਗਤੀ ਦਾ ਅਨੰਦ ਲੈ ਸਕਦਾ ਸੀ। ਬਾਅਦ ਵਿਚ ਉਸ ਦੇ ਯਰੂਸ਼ਲਮ ਤੋਂ ਨੱਸਣ ਸੇਂ (ਜਿਵੇਂ ਉਹ ਦਮਿਸ਼ਕ ਤੋਂ ਨੱਸਿਆ ਸੀ), ਫੇਰ ਉਸ ਨੂੰ ਬਚਾਉਣ ਵਾਲੇ ਮਸੀਹ ਵਿਚ ਉਹਦੇ ਭਾਈ ਹੀ ਸਨ (ਆਇਤਾਂ 29, 30)।

ਸੌਲੁਸ ਨੇ ਜ਼ਾਹਰ ਤੌਰ ਤੇ ਆਪਣੇ ਰੂਹਾਨੀ ਪਰਿਵਾਰ ਯਾਨੀ ਕਲੀਸੀਆ ਦੀ ਤਰੀਫ਼ ਕੀਤੀ। ਉਮੀਦ ਹੈ ਕਿ ਤੁਸੀਂ ਵੀ ਇੰਜ ਹੀ ਕਰਦੇ ਹੋ!

## ਗੱਲ ਕਰਨਾ ਸਿੱਖੋ (9:20-22, 27-29; 26:20)

ਬੱਚਿਆ ਨੂੰ ਬੋਲਣਾ ਸਿੱਖਣਾ ਪੈਂਦਾ ਹੈ। ਕਈ ਬੱਚੇ ਛੇਤੀ ਸਿੱਖ ਜਾਂਦੇ ਹਨ, ਕਈ ਥੋੜ੍ਹੀ ਦੇਰ ਨਾਲ ਸਿੱਖਦੇ ਹਨ। ਉਨ੍ਹਾਂ ਦੇ ਪਹਿਲੇ ਸ਼ਬਦ ਬੋਲਣ ਤੇ ਸਾਨੂੰ ਕਿੰਨੀ ਖੁਸ਼ੀ ਹੁੰਦੀ ਹੈ। ਇਹ ਵੇਖ ਕੇ ਕਿ ਸੌਲੁਸ ਕਿੰਨੀ ਛੇਤੀ ''ਬੋਲਣ'' ਲੱਗ ਪਿਆ, ਮੈਨੂੰ ਆਪਣੀ ਪਲੌਠੀ ਬੇਟੀ, ਸਿੰਥੀਆ ਦਾ ਧਿਆਨ ਆਉਂਦਾ ਹੈ। ਜਦ ਉਹ ਬਹੁਤ ਛੋਟੀ ਸੀ ਤਾਂ ਉਨ੍ਹਾਂ ਸ਼ਬਦਾਂ ਨੂੰ ਦੁਹਰਾਉਣ ਦੀ ਕੋਸ਼ਿਸ਼ ਕਰਦੀ ਸੀ ਜੋ ਅਸੀਂ ਬੋਲਦੇ ਸਾਂ। ਉਸ ਨੂੰ ਬੋਲਣਾ ਐਨਾ ਚੰਗਾ ਲਗਦਾ ਸੀ ਕਿ ਸਾਨੂੰ ਕਈ ਵਾਰ ਓਪਰੇ ਲੋਕਾਂ ਨੂੰ ਉਹਦੀ ਗੱਲ ''ਸਮਝਾਉਣੀ'' ਪੈਂਦੀ ਸੀ। ਅਸੀਂ ਕਹਿੰਦੇ, ''ਉਹ ਗੱਲ ਕਰਨਾ ਚਾਹੁੰਦੀ ਹੈ। ਆਖ਼ਰ ਉਹਦਾ ਬਾਪ ਇਕ ਪ੍ਰਚਾਰਕ ਅਤੇ ਮਾਂ ਇਕ ਔਰਤ ਜੋ ਹੋਈ।''

''ਨਵਾਂ ਜਨਮ ਲੈ ਕੇ'' ਸੌਲੁਸ ਓਸੇ ਵੇਲੇ ਪੂਰੇ ਵਾਕਾਂ ਵਿਚ ਯਿਸੂ ਬਾਰੇ ਬੋਲਣ ਲੱਗ ਪਿਆ ਸੀ। ਸਾਨੂੰ ਇਹ ਤਾਂ ਪਤਾ ਨਹੀਂ ਹੈ ਕਿ ਹਫ਼ਤੇ ਦੇ ਕਿਸ ਦਿਨ ਉਹਦਾ ਬਪਤਿਸਮਾ ਹੋਇਆ ਸੀ, ਪਰ ਅਗਲੇ ਸੱਬਤ ਵਾਲੇ ਦਿਨ ਉਹ ਸਮਾਜ [ਸਿਨਾਗੋਗ] ਵਿਚ ਮੌਜੂਦ ਸੀ: ''ਉਹ ਤੁਰਤ ਸਮਾਜਾਂ ਵਿਚ ਯਿਸੂ ਦਾ ਪ੍ਰਚਾਰ ਕਰਨ ਲੱਗਾ ਭਈ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ'' (9:20)। ਸੌਲੁਸ ਨੂੰ ਸਮਾਜ (ਸਿਨਾਗੋਗ, ਯਹੂਦੀ ਪ੍ਰਾਰਥਨਾ ਭਵਨ) ਵਿਚ ਵੇਖ ਕੇ ਉੱਥੇ ਮੌਜੂਦ ਲੋਕ ਉਤਾਵਲੇ ਤਾਂ ਹੋਏ ਹੋਣਗੇ ਪਰ ਹੈਰਾਨ ਨਹੀਂ।[20] ਇਕ ਪ੍ਰਸਿੱਧ ਯਹੂਦੀ ਵਿਦਵਾਨ ਜੋ ਜ਼ੇਲੋਤੇਸ ਵੀ ਸੀ, ਨਾਲ ਦੇ ਉੱਥੇ ਹੋਣ ਕਰਕੇ ਲੋਕ ਮਾਣ ਮਹਿਸੂਸ ਕਰ ਰਹੇ ਸਨ। ਜਦ ਸਿੱਖਿਆ ਦੇਣ ਦਾ ਵਕਤ ਆਇਆ, ਤਾਂ ਸਟੇਜ ਸੰਭਾਲਣ ਵਾਲੇ ਨੇ ਸੌਲੁਸ ਦੇ ਕੋਲ ਆ ਕੇ ਕਿਹਾ ਹੋਵੇਗਾ, ''ਭਾਈ, ਜੇ ਮੰਡਲੀ ਵਾਸਤੇ ਕੋਈ ਉਪਦੇਸ਼ ਦਾ ਵਚਨ ਤੁਹਾਡੇ ਕੋਲ ਹੋਵੇ ਤਾਂ ਸੁਣਾਓ।'' (ਵੇਖੋ 13:15)। ਸਰੋਤੇ ਇਹ ਭਾਸ਼ਣ ਸੁਣਨ ਦੀ ਉਮੀਦ ਕਰ ਰਹੇ ਸਨ ਕਿ ਕਿਵੇਂ ਮਸੀਹੀ ਲੋਕ ਸ਼ੁੱਧ ਯਹੂਦੀ ਵਿਸ਼ਵਾਸ ਦਾ ਨਾਸ ਕਰ ਰਹੇ ਹਨ। ਪਰ ਉਨ੍ਹਾਂ ਨੂੰ ਯਿਸੂ ਦਾ ਉਪਦੇਸ਼ ਮਿਲ ਗਿਆ ਕਿ ਉਹ ਪ੍ਰਮੇਸ਼ਵਰ ਦਾ ਪੁੱਤਰ ਹੈ।

ਰਸੂਲਾਂ ਦੇ ਕੰਮ ਕਿਤਾਬ ਵਿਚ ਯਿਸੂ ਨੂੰ ''ਪ੍ਰਮੇਸ਼ਵਰ ਦੇ ਪੁੱਤਰ'' ਪਹਿਲੀ ਵਾਰ ਦੱਸਿਆ ਗਿਆ ਸੀ।[21] ਯਿਸੂ ਨੇ ਸੌਲੁਸ ਨੂੰ ਦਮਿਸ਼ਕ ਦੇ ਰਾਹ ਤੇ[22] ਪ੍ਰਮੇਸ਼ਵਰ ਦੇ ਪੁੱਤਰ ਦੇ ਰੂਪ ਵਿਚ ਦਰਸ਼ਨ ਦਿੱਤਾ ਸੀ। ''ਪ੍ਰਮੇਸ਼ਵਰ ਦਾ ਪੁੱਤਰ'' ਸ਼ਬਦ ਇਸ ਰਸੂਲ ਦੇ ਲੇਖਾਂ ਵਿਚ ਮੁੱਖ ਵਿਸ਼ਾ ਬਣ ਗਿਆ।[23]

ਓਥੇ ਮੌਜੂਦ ਲੋਕ ਉਪਦੇਸ਼ ਦੇਣ ਵਾਲੇ ਤੋਂ ਹੈਰਾਨ ਸਨ। ਅਸੀਂ ਪੜ੍ਹਦੇ ਹਾਂ, ''ਅਤੇ ਸਭ ਸੁਣਨ ਵਾਲੇ ਅਚਰਜ ਹੋ ਕੇ ਬੋਲੇ, ਕੀ ਇਹ ਉਹੋ ਨਹੀਂ ਜਿਹੜਾ ਯਰੂਸ਼ਲਮ ਵਿਚ ਇਸ ਨਾਮ ਦੇ ਲੈਣ ਵਾਲਿਆਂ ਦਾ ਨਾਸ ਕਰਦਾ ਸੀ ਅਤੇ ਉਹ ਇਸੇ ਗੱਲ ਲਈ ਐਥੇ ਆਇਆ ਸੀ ਭਈ ਉਨ੍ਹਾਂ ਨੂੰ ਬੱਧੇ ਹੋਏ ਪ੍ਰਧਾਨ ਯਾਜਕਾਂ ਦੇ ਅੱਗੇ ਲੈ ਜਾਵੇ?'' (9:21)।

ਦਿਨ ਬੀਤਦੇ ਗਏ ਅਤੇ ਸੌਲੁਸ ''ਯਿਸੂ ਦੇ ਨਾਮ'' ਦਾ ਪ੍ਰਚਾਰ ਕਰਦਾ ਰਿਹਾ (9:27)। ''ਪਰ ਸੌਲੁਸ ਹੋਰ ਵੀ ਤਕੜਾ ਹੁੰਦਾ ਗਿਆ ਅਤੇ ਇਸ ਗੱਲ ਨੂੰ ਸਾਬਤ ਕਰ ਕੇ ਭਈ ਮਸੀਹ ਇਹੋ ਹੈ ਉਨ੍ਹਾਂ ਯਹੂਦੀਆਂ ਨੂੰ ਜਿਹੜੇ ਦਮਿਸਕ ਵਿਚ ਰਹਿੰਦੇ ਸਨ ਘਬਰਾ ਦਿੱਤਾ'' (9:22)। ''ਸਾਬਤ ਕਰਕੇ'' ਮਿਸ਼ਰਤ ਯੂਨਾਨੀ ਸ਼ਬਦ ਦਾ ਅਨੁਵਾਦ ਹੈ ਜਿਸ ਦਾ ਸ਼ਬਦੀ ਅਰਥ ਹੈ ''ਇਕੱਠੇ ਕਰਨਾ,

ਇਕ ਹੋਣਾ, ਮਿਲਾਉਣਾ।'' ਪੌਲੁਸ ਨੇ ਮਸੀਹ ਦੇ ਹਵਾਲੇ ਦੇਣ ਲਈ, ਪੁਰਾਣੇ ਨੇਮ ਦੁਹਰਾਇਆ ਅਤੇ ਫਿਰ ਇਨ੍ਹਾਂ ਨੂੰ ਯਿਸੂ ਦੇ ਜੀਵਨ ਦੀਆਂ ਗੱਲਾਂ ਨਾਲ ਮਿਲਾਇਆ।[24] ਇਨ੍ਹਾਂ ਦੋ ਵਸੀਲਿਆਂ ਨੂੰ ''ਇਕੱਠਾ ਜੋੜਨ'' ਨਾਲ ਇਹ ਜ਼ਬਰਦਸਤ ਸਬੂਤ ਮਿਲ ਗਿਆ ਕਿ ਯਿਸੂ ਹੀ ਮਸੀਹ ਹੈ!

ਸੌਲੁਸ ਨੇ ਯਿਸੂ ਦੇ ਮਸੀਹ ਹੋਣ ਦੇ ਐਲਾਨ ਤੋਂ ਵਧ ਕੇ ਕੰਮ ਕੀਤਾ। ਉਸ ਨੇ ਆਪਣੇ ਸਾਥੀ ਯਹੂਦੀਆਂ ਨੂੰ ਦੱਸਿਆ ਕਿ ਉਨ੍ਹਾਂ ਲਈ ਉਹਦੇ ਵਾਂਗ ਹੀ ਆਪਣੀ ਵਫ਼ਾਦਾਰੀ ਬਦਲਣਾ ਜ਼ਰੂਰੀ ਸੀ! ਉਹ ਨੇ ''... ਦਮਿਸਕ ਦੇ ਰਹਿਣ ਵਾਲਿਆਂ ਨੂੰ ... ਉਪਦੇਸ਼ ਕੀਤਾ ਭਈ *ਤੌਬਾ ਕਰੋ* ਅਤੇ ਪ੍ਰਮੇਸ਼ਵਰ ਦੀ ਵੱਲ ਮੁੜੋ ਅਤੇ ਤੌਬਾ ਦੇ ਲਾਇਕ ਕੰਮ ਕਰੋ'' (26:20)।

ਦਮਿਸਕ ਵਿਚ ਸੌਲੁਸ ਦੇ ਮੁਢਲੇ ਦਿਨਾਂ ਨੇ ਉਸ ਦੀ ਸੇਵਕਾਈ ਲਈ ਅਧਾਰ ਬਣਾ ਦਿੱਤਾ ਦਿੱਤਾ। ਯਰੂਸ਼ਲਮ ਜਾ ਕੇ ਉਹ, ''ਪ੍ਰਭੂ ਦੇ ਨਾਮ ਤੇ ਬੇਧੜਕ ਬਚਨ ਕਰਦਾ ਸੀ ਅਤੇ ਯੂਨਾਨੀ ਯਹੂਦੀਆਂ ਨਾਲ [ਉਨ੍ਹਾਂ ਦੀਆਂ ਸਮਾਜਾਂ ਵਿਚ] ਗੱਲਾਂ ਅਤੇ ਬਹਿਸ ਕਰਦਾ ਸੀ'' (9:28, 29; ਤੁਲਨਾ 6:9)। ਇਹ ਰਸੂਲ ਜਿੱਥੇ ਵੀ ਜਾਂਦਾ ਪਹਿਲਾਂ ਸਮਾਜ (ਸਿਨਾਗੋਗ) ਵਿਚ ਪਹੁੰਚਦਾ[25] ਅਤੇ ਉਹਦਾ ਇਹੀ ਸੰਦੇਸ਼ ਹੁੰਦਾ ਸੀ ਕਿ ''ਯਿਸੂ ... ਪ੍ਰਮੇਸ਼ਵਰ ਦਾ ਪੁੱਤਰ ਹੈ'' (9:20; ਵੇਖੋ 1 ਕੁਰਿੰਥੀਆਂ 2:2; ਗਲਾਤੀਆਂ 6:14)।

ਸੌਲੁਸ ਦੀ ਉਦਾਹਰਣ ਹਰ ਮਸੀਹੀ ਲਈ ਮੰਨਣ ਯੋਗ ਹੈ। ਅਸੀਂ ਵੇਖਦੇ ਹਾਂ ਕਿ ਪਹਿਲਾਂ, ਉਹਨੇ *ਤੁਰੰਤ* ਬੋਲਣਾ ਸ਼ੁਰੂ ਕਰ ਦਿੱਤਾ। ਅਸਲ 'ਚ ਉਹ ਉਸ ਨੂੰ ਚੁੱਪ ਨਹੀਂ ਕਰਾ ਸਕੇ। ਦੂਜਾ, ਉਹਨੇ ਬੋਲਣਾ ਉੱਥੋਂ ਹੀ ਸ਼ੁਰੂ ਕੀਤਾ *ਜਿੱਥੇ ਉਹ ਸੀ*। ਆਮ ਤੌਰ ਤੇ ਉਨ੍ਹਾਂ ਲੋਕਾਂ ਨਾਲ ਗੱਲ ਕਰਨਾ ਬਹੁਤ ਔਖਾ ਹੁੰਦਾ ਹੈ ਜੋ ਸਾਨੂੰ ਮਸੀਹੀ ਬਣਨ ਤੋਂ ਪਹਿਲਾਂ ਜਾਣਦੇ ਸਨ, ਪਰ ਸੌਲੁਸ ਨੇ ਉਨ੍ਹਾਂ ਤੋਂ ਹੀ ਸ਼ੁਰੂਆਤ ਕੀਤੀ ਜੋ ਉਹਨੂੰ ਚੰਗੀ ਤਰ੍ਹਾਂ ਜਾਣਦੇ ਸਨ। ਤੀਜਾ, ਉਹਨੇ ਉਹੀ ਦੱਸਿਆ ਜੋ *ਉਹ ਜਾਣਦਾ ਸੀ*। ਵਚਨ ਸੁਣਾਉਣ ਸਮੇਂ ਹੋ ਸਕਦਾ ਹੈ ਕਿ ਉਹਨੂੰ ਪ੍ਰਮੇਸ਼ਵਰ ਦੀ ਪ੍ਰੇਰਣਾ ਮਿਲੀ ਹੋਵੇ ਇਹ ਵੀ ਹੋ ਸਕਦਾ ਹੋਵੇ ਕਿ ਨਾ ਮਿਲੀ ਹੋਵੇ,[26] ਪਰ ਉਹਦੇ ਕੋਲ ਦੱਸਣ ਵਾਸਤੇ ਕਹਾਣੀ ਸੀ। ਚੌਥਾ, ਉਹਦੀ ਕਹਾਣੀ ਦਾ ਕੇਂਦਰ ਯਿਸੂ ਮਸੀਹ ਹੀ ਹੁੰਦਾ ਸੀ ਅਤੇ ਇਹ ਕਿ ਯਿਸੂ ਨੇ ਉਹਦੇ ਲਈ ਕੀ ਕੀਤਾ ਹੈ।

ਆਓ ਹੇਠਾ ਲਿਖੀਆਂ ਪ੍ਰਾਸੰਗਿਕਤਾਵਾਂ ਬਣਾਉਂਦੇ ਹਾਂ: (1) ਯਿਸੂ ਬਾਰੇ ਦੂਜਿਆਂ ਨੂੰ ਦੱਸਣ ਲਈ ਹਰ ਮਸੀਹੀ ਨੂੰ ਫ਼ੌਰਨ ਸ਼ੁਰੂ ਕਰ ਦੇਣਾ ਚਾਹੀਦਾ ਹੈ। ''ਸ਼ਾਂਤ ਰਹਿ ਕੇ ਚੇਲਾ ਆਪਣਾ ਫ਼ਰਜ਼ ਨਹੀਂ ਨਿਭਾਉਂਦਾ।''[27] (2) ਯਿਸੂ ਬਾਰੇ ਦੱਸਣ ਲਈ ਅੱਜ ਕਿਸੇ ਮਸੀਹੀ ਨੂੰ ''ਜਿੱਥੇ ਉਹ ਹੈ'' ਉੱਥੋਂ ਹੀ ਸ਼ੁਰੂ ਕਰਨਾ ਚਾਹੀਦਾ ਹੈ। ਜਿਨ੍ਹਾਂ ਨੂੰ ਪਤਾ ਸੀ। ਉਹ ਉਵੇਂ ਹੀ ਹੈਰਾਨ ਹੋਏ ਹੋਣਗੇ ਜਿਵੇਂ ਉਹ ਯਹੂਦੀ ਜਿਨ੍ਹਾਂ ਨੇ ਸੌਲੁਸ ਨੂੰ ਪ੍ਰਚਾਰ ਸ਼ੁਰੂ ਕਰਦਿਆਂ ਸੁਣਿਆ ਸੀ! (ਤੁਲਨਾ 1 ਪਤਰਸ 4:4.) (3) ਹਰ ਮਸੀਹੀ ਲਈ ਜ਼ਰੂਰੀ ਹੈ ਕਿ ਜੋ ਉਹ ਜਾਣਦਾ ਹੈ ਉਹ ਲੋਕਾਂ ਨੂੰ ਵੀ ਦੱਸੇ। ਹੋ ਸਕਦਾ ਹੈ ਕਿ ਉਹਨੂੰ ਬਹੁਤਾ ਗਿਆਨ ਨਾ ਹੋਵੇ, ਪਰ ਉਹਨੂੰ ਇਹ ਤਾਂ ਪਤਾ ਹੀ ਹੋਵੇਗਾ ਕਿ ਉਹ ਕੀ ਵਿਸ਼ਵਾਸ ਕਰਦਾ ਹੈ ਅਤੇ ਮਸੀਹੀ ਬਣਨ ਲਈ ਉਹਨੇ ਕੀ ਕੀਤਾ ਸੀ। ਪਹਿਲਾਂ, ਉਹ ਐਨਾ ਦੱਸੇ ਅਤੇ ਬਾਅਦ ਵਿਚ ਹੋਰ ਸਿੱਖ ਸਕਦਾ ਹੈ। (4) ਹਰ ਮਸੀਹੀ ਲਈ ਜ਼ਰੂਰੀ ਹੈ ਕਿ ਉਹ ਆਪਣਾ ਸੰਦੇਸ਼ ਯਿਸੂ ਤੇ ਹੀ ਕੇਂਦਰਤ ਰੱਖੇ।

ਆਮ ਤੌਰ ਤੇ ਅਸੀਂ ਨਵੇਂ ਬਣੇ ਮਸੀਹੀਆਂ ਤੋਂ ਬੜੀ ਘੱਟ ਉਮੀਦ ਕਰਦੇ ਹਾਂ ਅਤੇ ਜਦ ਉਹ ਸਾਡੀਆਂ ਉਮੀਦਾਂ ਦੇ ਮੁਤਾਬਕ ਜ਼ਿੰਦਗੀ ਬਿਤਾਉਂਦੇ ਹਨ ਤਾਂ ਸਾਨੂੰ ਹੈਰਾਨੀ ਹੁੰਦੀ ਹੈ! ਭਲਾ ਅਸੀਂ ਛੋਟੇ ਬੱਚਿਆਂ ਤੋਂ ਵੱਧ ਉਮੀਦ ਨਹੀਂ ਕਰਦੇ? ਅਸੀਂ ਉਮੀਦ ਕਰਦੇ ਹਾਂ ਕਿ ਉਹ

ਵੱਡੇ ਹੋਣ, ਚੱਲਣਾ ਅਤੇ ਬੋਲਣਾ ਸਿੱਖਣ ਅਤੇ ਉਨ੍ਹਾਂ ਦੇ ਵਾਧੇ ਲਈ ਜੋ ਵੀ ਜ਼ਰੂਰੀ ਹੁੰਦਾ ਹੈ, ਅਸੀਂ ਕਰਦੇ ਹਾਂ। ਆਓ ਯਿਸੂ ਵਿਚ ਨਵੇਂ ਜੀਵਨ ਨੂੰ ਤੁਰੰਤ ਵਿਖਾਉਣ ਲਈ ਨਵੇਂ ਮਸੀਹੀਆਂ ਲਈ ਜੋ ਵੀ ਕਰ ਸਕਦੇ ਹਾਂ, ਕਰੀਏ।

## ਖਾਣੇ ਦਾ ਅਨੰਦ ਲਓ (9:22)

ਇਕ ਮੁੱਖ ਸਿਧਾਂਤ ਤੇ ਸਾਨੂੰ ਜ਼ੋਰ ਦੇਣਾ ਚਾਹੀਦਾ ਹੈ ਕਿ ਮਸੀਹ ਵਿਚ ਹਰ ਬੱਚੇ ਦਾ *ਵਧਣਾ* ਜ਼ਰੂਰੀ ਹੈ। ''ਸਾਡੇ ਪ੍ਰਭੂ ਅਤੇ ਮੁਕਤੀ ਦਾਤੇ ਯਿਸੂ ਮਸੀਹ ਦੀ ਕਿਰਪਾ ਅਤੇ ਗਿਆਨ ਵਿਚ ਵਧਦੇ ਜਾਓ'' (2 ਪਤਰਸ 3:18)। ਵਾਧਾ ਹੌਲੀ ਹੁੰਦਾ ਹੈ ਜਾਂ ਤੇਜ਼, ਇਹ ਐਨਾ ਅਹਿਮ ਨਹੀਂ ਹੈ ਜਿੰਨਾਂ ਇਹ ਕਿ ਵਾਧਾ ਹੋ ਰਿਹਾ ਹੈ। ਇਕ ਨਵ ਜੰਮਿਆ ਬੱਚਾ ਵੱਡਾ ਨਾ ਹੋਵੇ ਤਾਂ ਉਹਦੀ ਮੌਤ ਹੋ ਜਾਂਦੀ ਹੈ।

ਰਸੂਲਾਂ ਦੇ ਕੰਮ 9:22 ਵਿਚ ਕਿਹਾ ਗਿਆ ਹੈ ਕਿ ''ਸੌਲੁਸ ਹੋਰ ਵੀ ਤਕੜਾ ਹੁੰਦਾ ਗਿਆ ਅਤੇ ... ਯਹੂਦੀਆਂ ਨੂੰ ... ਘਬਰਾ ਦਿੱਤਾ।'' ''ਤਕੜਾ ਹੁੰਦਾ ਗਿਆ'' ਆਇਤ 19 ਨਾਲ ਮੇਲ ਖਾਂਦਾ ਹੈ, ਜਿੱਥੇ ਸਾਫ਼ ਕਿਹਾ ਗਿਆ ਕਿ ਸੌਲੁਸ ਬਪਤਿਸਮਾ ਲੈਣ ਦੇ ਬਾਅਦ ''ਖਾਣਾ ਖਾ ਕੇ ਤਕੜਾ ਹੋ ਗਿਆ।'' ਪਹਿਲਾਂ ਸੌਲੁਸ ਦੇ *ਸਰੀਰ* ਨੂੰ ਅਤੇ ਫਿਰ ਉਹਦੀ *ਆਤਮਾ* ਨੂੰ ਤਾਕਤ ਮਿਲੀ। ਸੌਲੁਸ ਦਾ ਵਿਰੋਧ ਵਧਣ ਦੇ ਨਾਲ ਹੀ ਉਹਦੀ ਸ਼ਕਤੀ ਵਧਣਾ ਵੀ ਜ਼ਰੂਰੀ ਸੀ ਅਤੇ ਉਹ ਵਧੀ ਵੀ।

ਲੂਕਾ ਨੇ ਇਹ ਨਹੀਂ ਦੱਸਿਆ ਕਿ ਸੌਲੁਸ ਤਕੜਾ ਕਿਵੇਂ ਹੋਇਆ, ਪਰ ਸਾਨੂੰ ਪਤਾ ਹੈ ਕਿ ਇਸ ਰਸੂਲ ਦੇ ਵਧਣ ਦੀ ਖ਼ਾਸ ਗੱਲ ਯਿਸੂ ਬਾਰੇ ਉਹਦਾ *ਗਿਆਨ* ਸੀ।[28] ਪਤਰਸ ਨੇ ਲਿਖਿਆ ਹੈ, ''ਨਵਿਆਂ ਜੰਮਿਆਂ ਹੋਇਆਂ ਬੱਚਿਆਂ ਵਾਂਗਰ ਆਤਮਕ ਅਤੇ ਖਾਲਸ ਦੁੱਧ ਦੀ ਲੋਚ ਕਰੋ ਭਈ ਤੁਸੀਂ ਉਸ ਮੁਕਤੀ ਲਈ ਵਧਦੇ ਜਾਓ'' (1 ਪਤਰਸ 2:2; ਇਬਰਾਨੀਆਂ 5:12-14 ਵੀ ਵੇਖੋ)। ਸੌਲੁਸ ਨੂੰ ਯਿਸੂ ਦਾ ਗਿਆਨ ਦੋ ਤਰ੍ਹਾਂ ਨਾਲ ਮਿਲਿਆ।

ਸਭ ਤੋਂ ਅਹਿਮ ਤਰੀਕਾ ਜਿਸ ਨਾਲ ਸੌਲੁਸ ਨੂੰ ਗਿਆਨ ਮਿਲਿਆ, ਉਹ ਸੀ ਪ੍ਰਭੂ ਦਾ *ਸਿੱਧਾ ਮੁਕਾਸ਼ਫ਼ਾ*। ਪੌਲੁਸ ਨੇ ਬਾਅਦ ਵਿਚ ਲਿਖਿਆ:

> ਹੇ ਭਰਾਵੋ, ਮੈਂ ਉਸ ਖੁਸ਼ਖ਼ਬਰੀ ਦੇ ਵਿਖੇ ਜਿਹੜੀ ਮੈਂ ਸੁਣਾਈ ਸੀ ਤੁਹਾਨੂੰ ਚਿਤਾਰਦਾ ਹਾਂ ਭਈ ਉਹ ਇਨਸਾਨ ਦੇ ਅਨੁਸਾਰ ਨਹੀਂ ਹੈ। ਉਹ ਮੈਨੂੰ ਨਾ ਤਾਂ ਇਨਸਾਨ ਕੋਲੋਂ ਮਿਲੀ, ਨਾ ਹੀ ਮੈਂ ਸਿਖਾਇਆ ਗਿਆ ਸਗੋਂ ਉਹ ਯਿਸੂ ਮਸੀਹ ਦੇ ਪ੍ਰਕਾਸ਼ ਦੇ ਰਾਹੀਂ ਮੈਨੂੰ ਪਰਾਪਤ ਹੋਈ ... । ਨਾ ਯਰੂਸ਼ਲਮ ਨੂੰ ਉਨ੍ਹਾਂ ਕੋਲ ਗਿਆ ਜਿਹੜੇ ਮੈਥੋਂ ਪਹਿਲਾਂ ਰਸੂਲ ਬਣੇ ਸਨ ਸਗੋਂ ਮੈਂ ਅਰਬ ਨੂੰ ਚਲਿਆ ਗਿਆ ਅਤੇ ਫਿਰ ਦਮਿਸਕ ਨੂੰ ਮੁੜ ਆਇਆ (ਗਲਾਤੀਆਂ 1:11, 12, 17)।[29]

ਦਮਿਸਕ ਦੇ ਰਾਹ ਤੇ, ਸੌਲੁਸ ਨੂੰ ਪ੍ਰਕਾਸ਼ ਨਾ ਮਿਲਿਆ ਹੁੰਦਾ ਕਿ ਮੁਰਦਿਆਂ ਵਿੱਚੋਂ ਜੀ ਉਹੁੱਠਿਆ ਯਿਸੂ ਹੀ ਮਸੀਹ ਹੈ ਅਤੇ ਇਹ ਵੀ ਕਿ ਯਿਸੂ ਨੂੰ ਉਸ ਤੋਂ ਕੀ ਉਮੀਦ ਹੈ। ਪਤਾ ਨਹੀਂ ਸੌਲੁਸ ਨੂੰ ਅਗਲੇ ਪ੍ਰਕਾਸ਼ ਕਦੋਂ ਅਤੇ ਕਿੱਥੇ ਮਿਲੇ। ਇਕ ਸੰਭਾਵਨਾ ਇਹਨਾਂ ਸ਼ਬਦਾਂ ਵਿਚ ਮਿਲਦੀ ਹੈ ਕਿ ਉਹ ''ਅਰਬ ਨੂੰ ਚਲਿਆ ਗਿਆ'' (ਗਲਾਤੀਆਂ 1:17)। ਅਰਬ ਦਮਿਸਕ ਦੇ ਪੂਰਬ ਵਿਚ ਇਕ ਬਹੁਤ ਵੱਡਾ ਜੰਗਲੀ ਇਲਾਕਾ ਸੀ ਜੋ ਪੂਰਬ ਵਿਚ ਫਰਾਤ ਦਰਿਆ ਅਤੇ ਦੱਖਣ ਵਿਚ ਲਾਲ ਸਮੁੰਦਰ ਤਕ ਫੈਲਿਆ ਹੋਇਆ ਸੀ।[30] ਆਪਣੀ ਮੁਢਲੀ ਸੇਵਕਾਈ ਦੌਰਾਨ ਸੌਲੁਸ ਨੇ

ਦਮਿਸ਼ਕ ਨੂੰ ਛੱਡਣ ਅਤੇ ਦਮਿਸਕ ਵਿਚ ਵਾਪਸ ਆਉਣ ਦੇ ਦਰਮਿਆਨ ਦਾ ਸਮਾਂ ਅਰਬ ਵਿਚ ਹੀ ਬਿਤਾਇਆ।[31] ਬਹੁਤ ਸਾਰੇ ਟੀਕਾਕਾਰਾਂ ਦਾ ਮੰਨਣਾ ਹੈ ਕਿ ਇਹ ਜਾਣਾ ਖ਼ਾਸ ਕਰਕੇ ਧਿਆਨ ਲਾਉਣ ਵਾਸਤੇ ਸੀ (''ਰੂਹਾਨੀ ਰੇਗਿਸਤਾਨ''),[32] ਜਦ ਕਿ ਹੋਰਨਾਂ ਦਾ ਵਿਚਾਰ ਹੈ ਕਿ ਇਹ ਜਾਣਾ ਮੁੱਖ ਤੌਰ ਤੇ ਪ੍ਰਚਾਰ ਕਰਨ ਲਈ ਸੀ (ਜਿਵੇਂ ਉਹਨੇ ਦਮਿਸਕ ਵਿਚ ਕੀਤਾ ਸੀ)। ਬਾਈਬਲ ਇਹ ਨਹੀਂ ਦੱਸਦੀ ਕਿ ਸੌਲੁਸ ਅਰਬ ਵਿਚ ਕਿਉਂ ਗਿਆ ਅਤੇ ਉਹਨੇ ਉੱਥੇ ਕੀ ਕੀਤਾ ਇਸ ਕਰਕੇ ਅਸੀਂ ਇਸ ਬਾਰੇ ਪੱਕਾ ਕੁਝ ਵੀ ਨਹੀਂ ਜਾਣਦੇ। ਘੱਟੋ ਘੱਟ ਇਹ ਤਾਂ ਹੋ ਸਕਦਾ ਹੈ ਕਿ ਉਸ ਨੂੰ ਮਿਲੇ ਕਈ ''ਦਰਸ਼ਣਾਂ ਅਤੇ ਪ੍ਰਕਾਸ਼ਾਂ'' ਵਿੱਚੋਂ ਕੁਝ ਅਜਿਹੇ ਸਮੇਂ ਮਿਲੇ ਹੋਣਗੇ ਜਿਨ੍ਹਾਂ ਦਾ ਜ਼ਿਕਰ ਉਹਨੇ ਬਾਅਦ ਵਿਚ 2 ਕੁਰਿੰਥੀਆਂ 12:1 ਵਿਚ ਕੀਤਾ। ਸੌਲੁਸ ਨੂੰ ਪ੍ਰਭੂ ਦਾ ਪ੍ਰਕਾਸ਼ ਜਿੱਥੇ ਵੀ ਅਤੇ ਜਦੋਂ ਵੀ ਮਿਲਿਆ ਹੋਵੇ, ਇਹਨੇ ਉਹਦੇ ਜੀਵਨ ਨੂੰ ਯਿਸੂ ਦੀ ਸਿੱਖਿਆ ਨਾਲ ਭਰ ਦਿੱਤਾ। ਬਾਅਦ ਵਿਚ ਉਹਨੇ ਲਿਖਿਆ, ''ਮੈਂ ਤਾਂ ਇਹ ਗੱਲ ਪ੍ਰਭੂ ਤੋਂ ਪਾਈ ਸੀ ਜਿਹੜੀ ਤੁਹਾਨੂੰ ਸੌਂਪ ਦਿੱਤੀ ਭਈ ਪ੍ਰਭੂ ਯਿਸੂ ਨੇ ਜਿਸ ਰਾਤ ਉਹ ਫੜਵਾਇਆ ਗਿਆ ਸੀ ਰੋਟੀ ਲਈ'' (1 ਕੁਰਿੰਥੀਆਂ 11:23)।[33] ਮੂਲ ਬਾਰਾਂ ਰਸੂਲਾਂ ਨੂੰ ਯਿਸੂ ਨੇ ਪਹਿਲਾਂ ਸਿਖਾਇਆ ਅਤੇ ਫਿਰ ਉਹ ਉਹਦੇ ਜੀ ਉੱਠਣ ਦੇ ਗਵਾਹ ਹੋਏ (ਰਸੂਲਾਂ ਦੇ ਕੰਮ 1:21, 22)। ਪੌਲੁਸ ਨਾਲ ਇਹਦੇ ਉਲਟ ਹੋਇਆ ਸੀ, ਉਹ ਪਹਿਲਾਂ ਗਵਾਹ ਸੀ ਅਤੇ *ਫਿਰ* ਉਹਨੂੰ ਯਿਸੂ ਵੱਲੋਂ ਸਿਖਾਇਆ ਗਿਆ।[34]

ਦੂਜਾ, ਪੌਲੁਸ ਨੇ ਆਪਣਾ ਗਿਆਨ ਦੂਜਿਆਂ ਤੋਂ ਸਿੱਖ ਕੇ ਵਧਾਇਆ ਸੀ। ਗਲਾਤੀਆ ਦੀ ਕਲੀਸੀਆ ਦੇ ਨਾਂਅ ਪੱਤਰ ਵਿਚ ਲਿਖਦਿਆਂ ਉਹਨੇ ਜ਼ੋਰ ਦਿੱਤਾ ਕਿ ਉਹ ਓਸੇ ਵੇਲੇ ਰਸੂਲਾਂ ਨੂੰ ਮਿਲਣ ਨਹੀਂ ਗਿਆ। ਸਗੋਂ ਧਿਆਨ ਦੁਆਇਆ ਕਿ ''ਤਦ ਤਿੰਨਾਂ ਵਰ੍ਹਿਆਂ ਦੇ ਪਿੱਛੋਂ [ਆਪਣੀ ਮਨਬਦਲੀ ਦੇ ਤਿੰਨ ਸਾਲ ਬਾਅਦ] ਕੇਫ਼ਾਸ [ਪਤਰਸ ਦਾ ਦੂਜਾ ਨਾਂਅ (ਯੂਹੰਨਾ 1:42)] ਦੇ ਦਰਸ਼ਣ ਕਰਨ ਲਈ ਮੈਂ ਯਰੂਸ਼ਲਮ ਨੂੰ ਗਿਆ ਅਤੇ ਉਹ ਦੇ ਕੋਲ ਪੰਦਰਾਂ ਦਿਨ ਰਿਹਾ'' (ਗਲਾਤੀਆਂ 1:18)। ਤੁਸੀਂ ਪਤਰਸ ਅਤੇ ਸੌਲੁਸ ਦੀ ਸੰਗਤੀ ਨਹੀਂ ਚਾਹੋਗੇ, ਜਦ ਉਹਨਾਂ ਨੇ ਯਿਸੂ ਤੋਂ ਮਿਲੇ ਗਿਆਨ ਨੂੰ ਇਕ ਦੂਜੇ ਨਾਲ ਸਾਂਝਾ ਕੀਤਾ? ਮੈਂ ਵੇਖ ਸਕਦਾ ਹਾਂ ਕਿ ਪਤਰਸ ਵੱਲੋਂ ਪ੍ਰਭੂ ਦੇ ਇਨਕਾਰ ਦੀ ਗੱਲ ਦੱਸਦਿਆਂ ਅਤੇ ਸੌਲੁਸ ਵੱਲੋਂ ਖ਼ੁਦਾ ਦੇ ਲੋਕਾਂ ਨੂੰ ਸਤਾਉਣ ਦੀ ਗੱਲ ਯਾਦ ਕਰਦਿਆਂ ਉਨ੍ਹਾਂ ਦੀਆਂ ਅੱਖਾਂ ਵਿਚ ਹੰਝੂ ਡਿੱਗ ਰਹੇ ਹੋਣਗੇ।

ਜੇ ਮਸੀਹੀ ਬਾਲਕ ਤਾਕਤਵਰ ਹੋਣਾ ਚਾਹੁੰਦਾ ਹੈ, ਤਾਂ ਉਹਦੇ ਲਈ ਖ਼ੁਦਾ ਦੇ ਵਚਨ ਦਾ ਖਾਣਾ ਲੈਣਾ ਜ਼ਰੂਰੀ ਹੈ। ਜੋ ਕੁਝ ਸੌਲੁਸ ਨੂੰ ਸਿੱਧੇ ਪ੍ਰਕਾਸ਼ ਜਾਂ ਨਿੱਜੀ ਜਾਣਕਾਰੀ ਨਾਲ ਦਿੱਤਾ ਗਿਆ ਉਹ ਸਭ ਸਾਨੂੰ *ਬਾਈਬਲ* ਵਿਚ ਮਿਲਦਾ ਹੈ। ਬਾਅਦ ਵਿਚ ਉਹਨੇ ਤਿਮੋਥਿਉਸ ਨੂੰ ਲਿਖਿਆ ਕਿ ''... ਪਵਿੱਤਰ ਲਿਖਤਾਂ ... ਉਸ ਨਿਹਚਾ ਦੇ ਰਾਹੀਂ ਜੋ ਮਸੀਹ ਯਿਸੂ ਉੱਤੇ ਹੈ ਤੈਨੂੰ ਮੁਕਤੀ ਦਾ ਗਿਆਨ ਦੇ ਸਕਦੀਆਂ ਹਨ'' (2 ਤਿਮੋਥਿਉਸ 3:15)। ਉਹਨੇ ਵਚਨ ਦੀ ਤੁਲਨਾ ਇਕ ਔਜ਼ਾਰ ਨਾਲ ਕੀਤੀ ਅਤੇ ਜਵਾਨ ਪ੍ਰਚਾਰਕ ਨੂੰ ਚੁਣੌਤੀ ਦਿੱਤੀ ਕਿ ਉਹ ਇਹਦੀ ਵਰਤੋਂ ਚੰਗੀ ਤਰ੍ਹਾਂ ਕਰਨਾ ਸਿੱਖ ਕੇ ''ਆਪਣੇ ਆਪ ਨੂੰ ਪ੍ਰਮੇਸ਼ਵਰ ਦੇ ਅੱਗੇ ਪਰਵਾਨ ਅਤੇ ਅਜਿਹਾ ਕਾਰੀਗਰ ਠਹਿਰਾਉਣ ਦਾ ਜਤਨ ਕਰੇ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ ਅਤੇ ਜਿਹੜਾ ਸੱਚਿਆਈ ਦੇ ਵਚਨ ਦਾ ਯਥਾਰਥ ਵਿਖਿਆਣ ਕਰਨ ਵਾਲਾ ਹੋਵੇ'' (2 ਤਿਮੋਥਿਉਸ 2:15)।

ਨਵੇਂ ਮਸੀਹੀ ਲੋਕਾਂ ਲਈ ਕੁਝ ਸੁਝਾਅ ਇਸ ਨਾਲੋਂ ਵੱਧ ਅਹਿਮ ਹਨ ਭਾਵ ਇਹ ਕਿ ਉਹ ਵਚਨ ਦਾ ਅਧਿਐਨ (ਮੁਤਾਲਿਆ) ਕਰਨ, ਅਧਿਐਨ ਕਰਨ ਅਤੇ ਅਧਿਐਨ ਕਰਨ! ਬਰੀਆ ਦੇ ਉਨ੍ਹਾਂ ਭਲੇ ਲੋਕਾਂ ਦੀ ਨਕਲ ਕਰੋ ਜਿਨ੍ਹਾਂ ਨੇ ''ਦਿਲ ਦੀ ਵੱਡੀ ਚਾਹ ਨਾਲ ਵਚਨ ਨੂੰ ਮੰਨ

ਲਿਆ ਅਤੇ ਰੋਜ਼ ਲਿਖਤਾਂ ਵਿਚ ਭਾਲ ਕਰਦੇ ਰਹੇ ਭਈ ਇਹ ਗੱਲਾਂ ਇਸੇ ਤਰ੍ਹਾਂ ਹਨ ਕਿ ਨਹੀਂ'' (ਰਸੂਲਾਂ ਦੇ ਕੰਮ 17:11)। ਬਾਈਬਲ ਦਾ ਅਧਿਐਨ ਆਪਣੇ ਆਪ ਕਰੋ। ਅਧਿਐਨ ਲਈ ਇਕ ਸਮਾਂ ਠਹਿਰਾ ਲਓ; ਅਧਿਐਨ ਲਈ ਯੋਜਨਾ ਵੀ ਬਣਾਈ ਜਾ ਸਕਦੀ ਹੈ। ਅਤੇ ਸਿੱਖਣ ਦੇ ਹਰੇਕ ਮੌਕੇ ਦਾ ਲਾਭ ਉਠਾਓ। ਮਸੀਹੀ ਹੋਣ ਦੇ ਨਾਤੇ, ਤੁਸੀਂ ਪ੍ਰਮੇਸ਼ਵਰ ਦੇ ਪਰਿਵਾਰ ਦਾ ਭਾਗ ਹੋ। ਮਸੀਹ ਵਿਚ ਆਪਣੇ ਭਾਈਆਂ ਅਤੇ ਭੈਣਾਂ ਨਾਲ ਬਾਈਬਲ ਕਲਾਸ ਅਤੇ ਬੰਦਗੀਆਂ ਵਿਚ ਵਿਸ਼ਵਾਸ ਕਰਕੇ ਜਾਓ ਅਤੇ ਉਨ੍ਹਾਂ ਨਾਲ ਬਾਈਬਲ ਅਧਿਐਨ ਕਰੋ। ਆਪਣੇ ਰੂਹਾਨੀ ਖਾਣੇ ਦਾ *ਅਨੰਦ* ਲੈਣਾ ਸਿੱਖੋ।

## ਸਾਰ

ਇਸ ਪਾਠ ਨੂੰ ਆਪਣੀ ਪਰਖ ਨਾਲ ਖਤਮ ਕਰਦੇ ਹਾਂ। ਸਾਡੇ ਵਿੱਚੋਂ ਹਰ ਕੋਈ ਆਪਣੇ ਆਪ ਤੋਂ ਇਹ ਪੁੱਛੇ ਕਿ ''ਇਕ ਮਸੀਹੀ ਦੇ ਰੂਪ ਵਿਚ ਮੈਂ ਕਿਹੋ ਜਿਹੀ ਤਰੱਕੀ ਕੀਤੀ ਹੈ?'' ਪੌਲੁਸ ਨੇ ਉਨ੍ਹਾਂ ਮਸੀਹੀਆਂ ਨੂੰ ਪਰੇਸ਼ਾਨ ਕਰਨ ਵਾਲੇ ਇਹ ਸ਼ਬਦ ਲਿਖੇ ਸਨ ਜਿਨ੍ਹਾਂ ਦੀ ਰੂਹਾਨੀ ਤਰੱਕੀ ਉਵੇਂ ਨਹੀਂ ਹੋਈ ਜਿਵੇਂ ਹੋਣੀ ਚਾਹੀਦੀ ਸੀ: ''ਹੇ ਭਰਾਵੋ, ਮੈਂ ਤੁਹਾਡੇ ਨਾਲ ਐਦਾਂ ਨਾ ਬੋਲ ਸਕਿਆ ਜਿੱਦਾਂ ਆਤਮਕਾਂ ਨਾਲ ਸਗੋਂ ਜਿੱਦਾਂ ... ਉਨ੍ਹਾਂ ਨਾਲ ਜਿਹੜੇ ਮਸੀਹ ਵਿਚ ਨਿਆਣੇ ਹਨ। ਮੈਂ ਤੁਹਾਨੂੰ ਦੁੱਧ ਪਿਆਇਆ, ਅੰਨ ਨਹੀਂ ਖੁਆਇਆ ਕਿਉਂ ਜੋ ਅਜੇ ਤੁਸੀਂ ਉਹ ਦੇ ਜੋਗੇ ਨਹੀਂ ਹੋ'' (1 ਕੁਰਿੰਥੀਆਂ 3:1, 2)।

ਨਿਆਣੇ ਹੋਣਾ ਚੰਗੀ ਗੱਲ ਹੈ; ਪਰ ਨਿਆਣੇ ਬਣੇ ਰਹਿਣਾ ਖ਼ਤਰਨਾਕ ਹੈ। ਜੇ ਨਿਰਪੱਖ ਹੋ ਕੇ ਆਪਣੇ ਵੱਲ ਵੇਖਣ ਨਾਲ ਤੁਹਾਨੂੰ ਇਹ ਪਤਾ ਲੱਗਾ ਹੈ ਕਿ ਤੁਸੀਂ ਉਸ ਤਰ੍ਹਾਂ ਨਹੀਂ ਵਧੇ ਜਿਵੇਂ ਵਧਣਾ ਚਾਹੀਦਾ ਸੀ, ਤਾਂ ''ਪ੍ਰੇਮ ਨਾਲ ਸੱਚ ਕਮਾਉਂਦਿਆਂ ਹੋਇਆਂ ਉਸ ਵਿਚ ਜੋ ਸਿਰ ਹੈ ਅਰਥਾਤ ਮਸੀਹ ਵਿਚ ਹਰ ਤਰ੍ਹਾਂ ਨਾਲ ਵਧਦੇ'' ਜਾਓ (ਅਫ਼ਸੀਆਂ 4:15)।

## ਸਰਮਨ ਨੋਟਸ

ਰਿਚਰਡ ਰੋਜਰਸ ਨੇ ਲਿਖਿਆ ਹੈ ਕਿ ਰਸੂਲਾਂ ਦੇ ਕੰਮ 9:27 ਮੁਤਾਬਕ ਬਰਨਾਬਾਸ ਨੇ ਕਿਹਾ ਸੀ ਕਿ ਯਰੂਸ਼ਲਮ ਦੀ ਕਲੀਸੀਆ ਸੌਲੁਸ ਨੂੰ ਮੈਂਬਰ ਦੇ ਤੌਰ ਤੇ ਕਬੂਲ ਕਰ ਲਵੇ ਕਿਉਂਕਿ (1) ਸੌਲੁਸ ਨੇ ਪ੍ਰਭੂ ਨੂੰ ਵੇਖਿਆ ਸੀ (2) ਉਹਨੇ ਪ੍ਰਭੂ ਨਾਲ ਗੱਲ ਵੀ ਕੀਤੀ ਸੀ ਅਤੇ (3) ਉਹਨੇ ਪ੍ਰਭੂ ਬਾਰੇ ਹੋਰਨਾਂ ਨੂੰ ਵੀ ਦੱਸਿਆ ਸੀ। ਰੋਜਰਸ ਨੇ ਕਿਹਾ ਹੈ ਕਿ ਸਾਨੂੰ ਵੀ ''ਪ੍ਰਭੂ ਨੂੰ ਵੇਖਣਾ'' ਚਾਹੀਦਾ ਹੈ (ਬਾਈਬਲ ਅਧਿਐਨ ਕਰਕੇ), ਪ੍ਰਭੂ ਨਾਲ ਗੱਲ ਕਰਨੀ ਚਾਹੀਦੀ ਹੈ (ਦੁਆ ਰਾਹੀਂ), ਅਤੇ ਯਿਸੂ ਬਾਰੇ ਹੋਰਨਾਂ ਨੂੰ ਦੱਸਣਾ ਜ਼ਰੂਰੀ ਹੈ (ਇੰਜੀਲ ਸੁਣਾ ਕੇ)। ਰੋਜਰਸ ਨੇ ਇਨ੍ਹਾਂ ਨੂੰ ਮਨਬਦਲੀ, ਸੰਗਤੀ ਅਤੇ ਇਕਰਾਰ ਦੀਆਂ ਗੱਲਾਂ ਕਿਹਾ (''ਦ ਨੀਡ ਆਫ਼ ਪਲੇਸਿੰਗ ਮੈਂਬਰਸ਼ਿਪ ਇਨ ਏ ਲੋਕਲ ਚਰਚ,'' ਲੱਬੌਕ, ਟੈਕਸਸ, ਮਿਤੀ ਰਹਿਤ, ਸਨਸੇਟ ਚਰਚ ਆਫ਼ ਕ੍ਰਾਈਸਟ ਵਿਚ ਦਿੱਤਾ ਗਿਆ ਉਪਦੇਸ਼)।

ਟਿੱਪਣੀਆਂ


[1]ਇਨ੍ਹਾਂ ਦੋਹਾਂ ਆਇਤਾਂ ਵਿਚ ''ਨਿਆਣੇ'' ਸ਼ਬਦ ਦੀ ਵਰਤੋਂ ਸ਼ਰਮਿੰਦਾ ਕਰਨ ਦੇ ਢੰਗ ਨਾਲ ਕੀਤੀ ਗਈ ਹੈ ਕਿਉਂਕਿ ਜਿਨ੍ਹਾਂ ਨੂੰ ਸੰਬੋਧਨ ਕੀਤਾ ਜਾ ਰਿਹਾ ਹੈ ਉਨ੍ਹਾਂ ਨੇ ਮਸੀਹੀ ਹੋਣ ਦੇ ਨਾਤੇ *ਵਿਕਾਸ* ਕੀਤਾ ਸੀ। ਨਿਆਣੇ ਦੇ ਰੂਪ ਵਿਚ *ਸ਼ੁਰੂ ਕਰਨ* ਵਿਚ ਕੋਈ ਬੁਰਾਈ ਨਹੀਂ ਹੈ, ਪਰ ਜ਼ਿੰਦਗੀ ਭਰ ਨਿਆਣਾ *ਬਣੇ ਰਹਿਣਾ* ਵਿਚ ਬਹੁਤ ਮਾੜੀ ਗੱਲ ਹੈ। [2]ਪਿਛਲੇ ਪਾਠ ਵਾਂਗ, ਮੈਂ ਫੇਰ ਦੋਹਾਂ ਨਾਵਾਂ ਅਰਥਾਤ ਸੌਲੁਸ *ਅਤੇ* ਪੌਲੁਸ ਦੀ ਵਰਤੋਂ ਕਰਾਂਗਾ। [3]ਕਿਤੇ-ਕਿਤੇ ਮੈਂ ਮਸੀਹ ਦੇ ਚੇਲਿਆਂ ਨੂੰ ''ਮਸੀਹੀ'' ਕਹਿ ਕੇ ਸੰਬੋਧਨ ਕਰਾਂਗਾ, ਭਾਵੇਂ ਇਹ ਸੰਗਿਆ 11:26 ਤੋ ਪਹਿਲਾਂ ਤਕ ਨਹੀਂ ਮਿਲਦੀ। [4]ਬਚਾਇਆ ਹੋਇਆ ਹਰ ਵਿਅਕਤੀ ਇਸ ਕਲੀਸੀਆ ਵਿਚ ਮਿਲਾਇਆ ਜਾਂਦਾ ਹੈ। [5]ਵਿਲੀਅਮ ਐਫ਼. ਬੈੱਕ, ਦ ਨਿਊ ਟੈਸਟਾਮੈਂਟ ਇਨ ਦ ਲੈਂਗੁਏਜ ਆਫ਼ ਟੁਡੇ। ਕੁਝ ਲੋਕਾਂ ਦਾ ਖ਼ਿਆਲ ਹੈ ਕਿ 1 ਤਿਮੋਥਿਉਸ 3:15 ਵਿਚ ''ਘਰ'' ਤੋਂ ਭਾਵ ''ਹੈਕਲ'' ਹੈ ਪਰ ਇਸ ਸੰਦਰਭ ਵਿਚ ਆਇਤ 15 ਵਿਚ ''ਘਰ'' (*oikos* ਤੋਂ) ਦਾ ਉਹੀ ਅਰਥ ਹੈ ਜੋ 4, 5 ਅਤੇ 12 ਆਇਤਾਂ ਵਿਚ ਹੈ। ਇਸ ਪੂਰੀ ਆਇਤ ਵਿਚ ਪੌਲੁਸ ਨੇ ਖ਼ੁਦਾ ਦੇ ਪਰਿਵਾਰ ਦੀ ਤੁਲਨਾ ਕਲੀਸੀਆ ਦੇ ਆਗੂਆਂ ਦੇ ਪਰਿਵਾਰਾਂ ਨਾਲ ਕੀਤੀ। [6]ਜੇ ਵਾਜਬ ਹੋਵੇ, ਤਾਂ ਦੁਨਿਆਵੀ ਪਰਿਵਾਰਾਂ ਦੀ ਤਰੀਫ਼ ਕਰਨ ਬਾਰੇ ਟਿੱਪਣੀਆਂ ਜੋੜੀਆਂ ਜਾ ਸਕਦੀਆਂ ਹਨ। [7]ਕਈ ਲੋਕ ਕਲੀਸੀਆ ਨੂੰ ਤੁੱਛ ਜਾਣਦੇ ਹਨ, ਇਸ ਲਈ ਇਸ ਗੱਲ ਨੂੰ ਲੋੜ ਮੁਤਾਬਕ ਵਿਸਤਾਰ ਦਿੱਤਾ ਜਾ ਸਕਦਾ ਹੈ। [8]ਫੇਰ, ''ਰਸੂਲਾਂ ਦੇ ਕੰਮ, ਭਾਗ 1'' ਵਿਚ 2:41, 47 ਤੇ ਨੋਟਸ ਵੇਖੋ। [9]ਮੈਂ ਮੰਨ ਲੈਂਦਾ ਹਾਂ ਕਿ ਭਾਈਆਂ ਵਿਚ ਹੋਣ ਵਾਲੇ ਕਿਸੇ ਵੀ ਸ਼ੱਕ ਨੂੰ ਹਨਨੀਆਹ ਉਸ ਨੂੰ ਖ਼ਤਮ ਕਰ ਸਕਦਾ ਸੀ। [10]ਅੰਗ੍ਰੇਜ਼ੀ ਅਨੁਵਾਦ NIV ਵਿਚ ਵੀ ''join'' ਸ਼ਬਦ ਹੈ।

[11]ਡਬਲਯੂ. ਈ. ਵਾਈਨ, ਮੈਰਿਲ ਐਫ਼. ਅੰਗਰ, ਐਂਡ ਵਿਲੀਅਮ ਵਾਈਟ, ਜੂਨੀਅਰ, *ਵਾਈਨ'ਜ਼ ਕੰਪਲੀਟ ਐਕਸਪੋਜ਼ਿਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਸ* (ਨੈਸ਼ਵਿੱਲੇ: ਥਾਮਸ ਨੈਲਸਨ ਪਬਲਿਸ਼ਰਜ਼, 1985), 334. ਇਸੇ ਸ਼ਬਦ ਦਾ ਅਨੁਵਾਦ ਮੱਤੀ 19:5 ਵਿਚ ''ਨਾਲ'' ਹੋਇਆ ਹੈ। ਸ਼ਬਦ ਦੀ ਹੋਰ ਵਰਤੋਂ ਲਈ, ਵੇਖੋ ਲੂਕਾ 15:15; ਰਸੂਲਾਂ ਦੇ ਕੰਮ 5:13; 10:28. [12]''ਮੈਂਬਰ'' ਰੋਮੀਆਂ 12 ਅਤੇ 1 ਕੁਰਿੰਥੀਆਂ 12 ਤੋਂ ਲਿਆ ਗਿਆ ਹੈ, ਜਿੱਥੇ ਮਸੀਹੀ ਲੋਕਾਂ ਨੂੰ ਸਰੀਰ ਦੇ *ਅੰਗਾਂ* ਭਾਵ ਪੈਰ, ਹੱਥ, ਅੱਖ, ਕੰਨ ਆਦਿ ਨਾਲ ਮਿਲਾਇਆ ਗਿਆ ਹੈ। ਸਥਾਨਕ ਕਲੀਸੀਆ ਦੇ ''ਮੈਂਬਰ'' ਹੋਣ ਦਾ ਇਹ ਮਤਲਬ ਨਹੀਂ ਕਿ ''ਨਾਮ ਰਜਿਸਟਰ ਵਿਚ ਲਿਖਿਆ ਗਿਆ ਹੈ,'' ਸਗੋਂ ਇਹ ਹੈ ਕਿ ਉਹ ਉਸ ਮੰਡਲੀ ਦਾ *ਐਕਟਿਵ ਮੈਂਬਰ* (ਕੰਮ ਕਰਨ ਵਾਲਾ ਅੰਗ) ਹੈ। ਕਿਸੇ ਮੰਡਲੀ ਵਿਚ ''ਮੈਂਬਰਸ਼ਿਪ ਲੈਣ'' ਦਾ ਮਤਲਬ ਉਸ ਮੰਡਲੀ ਵਿਚ *ਕੰਮ ਲਈ ਜਾਣ* ਦੀ ਇੱਛਾ ਜ਼ਾਹਰ ਕਰਨਾ ਹੈ। [13]ਕਈ ਵਾਰ ਕਿਸੇ ਨੂੰ ਘਰੋਂ ਦੂਰ ਬਪਤਿਸਮਾ ਦਿੱਤਾ ਜਾਂਦਾ ਹੈ ਅਤੇ ਉਹ ਉਸ ਮੰਡਲੀ ਦਾ ਭਾਗ ਬਣਨ ਦੀ ਯੋਜਨਾ ਬਣਾਉਂਦਾ ਹੈ ਜਿੱਥੇ ਰਹਿ ਰਿਹਾ ਹੁੰਦਾ ਹੈ। [14]ਅਗਲੇ ਇਕ ਭਾਗ ਵਿਚ 20:28 ਤੇ ਨੋਟਸ ਵੇਖੋ।[15]ਵਚਨ ਦੇ ਮੁਤਾਬਕ ਹੋਣ ਲਈ ਜ਼ਰੂਰੀ ਨਹੀਂ ਹੈ ਕਿ ਮੰਡਲੀ ਵਿਚ ਐਲਡਰ ਜ਼ਰੂਰ ਹੀ ਹੋਣ, ਪਰ ਹਰ ਮੰਡਲੀ ਲਈ ਜਿੰਨੀ ਛੇਤੀ ਹੋ ਸਕੇ ਐਲਡਰ ਚੁਣਨ ਲਈ ਯੋਗ ਆਦਮੀ ਤਿਆਰ ਕਰਨੇ ਜ਼ਰੂਰੀ ਹਨ (ਤੀਤੁਸ 1:5)। ਜੇ ਕਿਸੇ ਮੰਡਲੀ ਵਿਚ ਐਲਡਰ ਨਾ ਵੀ ਹੋਣ, ਤਾਂ ਵੀ ਅਸੀਂ ਕਿਸੇ ਨੂੰ *ਜ਼ਿੰਮੇਵਾਰ* ਹਾਂ। ਸਥਾਨਕ ਮੰਡਲੀ ਦਾ ਭਾਗ ਹੋਣਾ ਉਸ ਜ਼ਿੰਮੇਵਾਰੀ ਦੀ ਭਾਵਨਾ ਨੂੰ ਦੇਣ ਵਿਚ ਮਦਦਗਾਰ ਹੋ ਸਕਦਾ ਹੈ।[16]ਫੇਰ ਤੋਂ 20:28 ਤੇ ਨੋਟਸ ਵੇਖੋ। [17]ਸਾਡੇ ਅੱਗੇ ਅਜਿਹੀ ਮੁਸ਼ਕਲ ਹੈ ਜੋ ਸੌਲੁਸ ਅੱਗੇ ਨਹੀਂ ਸੀ: ਸੌਲੁਸ ਦੇ ਸਮੇਂ ਵਿਚ ਕਿਸੇ ਡਿਨੋਮਿਨੇਸ਼ਨ ਦਾ ਵਜੂਦ ਨਹੀਂ ਸੀ; ਪਰ ਅੱਜ ਕਈ ਡਿਨੋਮਿਨੇਸ਼ਨਾਂ ਹਨ, ਜਿਸ ਕਰਕੇ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਜਿਸ ਵੀ ਮੰਡਲੀ ਵਿਚ ''ਆਪਣੇ ਆਪ ਨੂੰ ਸ਼ਾਮਲ ਕਰਦੇ ਹਾਂ'' ਉਹ ਖ਼ੁਦਾ ਦੇ ਕਲਾਮ ਦੇ ਸਿਧਾਂਤਾਂ ਨਾਲ ਜੁੜੀ ਹੋਈ ਹੈ ਜਾਂ ਨਹੀਂ। [18]''ਸਥਾਨਕ ਮੰਡਲੀ ਵਿਚ ਸ਼ਾਮਲ ਹੋਣਾ'' ਤੇ ਵਾਧੂ ਲੇਖ ਵੇਖੋ।[19]ਇਸ ਤੋਂ ਇਹ ਪਤਾ ਲਗਦਾ ਹੈ ਕਿ ਕਿਸੇ ਨੂੰ ਵੀ ਸਥਾਨਕ ਮੰਡਲੀ ਦੀ ਸੰਗਤੀ ਨੂੰ ਆਪਣੇ ਆਪ ਕਬੂਲ ਕੀਤਾ ਜਾਣਾ ਜ਼ਰੂਰੀ ਨਹੀਂ ਹੈ। ਪਰ ਜਦ ਤਕ ਕੋਈ ਗੜਬੜ ਨਾ ਹੋਵੇ, ਆਮ ਤੌਰ ਤੇ ਵਚਨ ਦੇ ਮੁਤਾਬਕ ਬਪਤਿਸਮਾ ਲੈਣ ਵਾਲੇ ਨੂੰ (ਅਤੇ ਇਸ ਤਰ੍ਹਾਂ ਪ੍ਰਭੂ ਦੀ ਕਲੀਸੀਆ ਵਿਚ ਮਿਲਾਏ ਜਾਂਦੇ ਹਨ), ਕਬੂਲ ਕਰ ਹੀ ਲਿਆ ਜਾਂਦਾਹੈ। [20]ਉਹ ਹੈਰਾਨ ਹੋਏ ਹੋਣਗੇ ਕਿ ਉਹਦੀ ਅੱਖ ਦੀ ਤਕਲੀਫ਼ ਐਨੀ ਛੇਤੀ ਕਿਵੇਂ ਠੀਕ ਹੋ ਗਈ, ਪਰ ਉਸ ਨੂੰ ਵੇਖ ਕੇ ਦੰਗ ਨਹੀਂ ਰਹੇ। ਉਹ ਦਮਿਸ਼ਕ ਦੀਆਂ ਸਮਾਜਾਂ [ਸਿਨਾਗੋਗਾਂ] ਵਿਚ ਆ ਕੇ ਰਹਿੰਦਾ ਸੀ (9:2)।

[21]ਅਸਲ 'ਚ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਵਾਕਾਂਸ਼ ਇੱਥੇ ਹੀ ਮਿਲਦਾ ਹੈ। ਭਾਵੇਂ ਪੌਲੁਸ ਨੇ ਆਂਸ਼ਕ ਤੌਰ ਤੇ ਸ਼ਬਦ ਦੀ ਵਰਤੋਂ 13:33 ਵਿਚ ਕੀਤੀ। [22]ਕਹਿਣ ਦੀ ਗੱਲ ਨਹੀਂ ਹੈ ਕਿ ''ਪ੍ਰਮੇਸ਼ਵਰ ਦਾ ਪੁੱਤਰ'' ਸ਼ਬਦ

ਮਸੀਹ ਦੇ ਦਰਸ਼ਣ ਦੇ ਸਬੰਧ ਵਿਚ ਹੀ ਵਰਤੇ ਜਾਂਦੇ ਸਨ, ਪਰ ਯਿਸੂ ਨੇ ਇਵੇਂ ਦਰਸ਼ਨ ਦਿੱਤਾ ਜਿਵੇਂ ਕੋਈ*ਸਵਰਗ* ਤੋਂ ਬੋਲ ਰਿਹਾ ਹੋਵੇ, ਖ਼ੁਦਾ ਦੀ ਹਜ਼ੂਰੀ ਦੇ ਰੂਪ ਵਿਚ! [23]ਪੌਲੁਸ ਨੇ ਆਪਣੀਆਂ ਪੱਤਰੀਆਂ ਵਿਚ ਇਸ ਸ਼ਬਦ ਦੀ ਵਰਤੋਂ ਕਰੀਬ ਪੰਦਰਾਂ ਵਾਰ ਕੀਤੀ। [24]ਪੌਲੁਸ ਦੇ ਇਨ੍ਹਾਂ ਤਰਕਾਂ ਦੀਆਂ ਉਦਾਹਰਣਾਂ ਲਈ, ਵੇਖੋ ਰਸੂਲਾਂ ਦੇ ਕੰਮ 13:6-14; 17:1-3, 10. [25]ਜੇ ਇਹ ਥਾਂ ਸਿਨਾਗੋਗ ਸੀ, ਤਾਂ ਉਹ ਪਹਿਲਾਂ ਸਿਨਾਗੋਗ ਵਿਚ ਹੀ ਗਿਆ ਅਤੇ ਆਮ ਤੌਰ ਤੇ ਉਹ ਇੰਜ ਹੀ ਕਰਦਾ ਸੀ। ਇਕ ਅਪਵਾਦ ਲਈ, ਰਸੂਲਾਂ ਦੇ ਕੰਮ 16 ਵਿਚ ਫ਼ਿਲਿੱਪੈ ਵਿਚ ਪੌਲੁਸ ਦਾ ਕੰਮ ਵੇਖੋ। [26]ਕਿਸੇ ਵਕਤ ਸੌਲੁਸ ਨੂੰ ਪਵਿੱਤਰ ਆਤਮਾ (ਜਾਂ ਇਸ ਦੇ ਬਰਾਬਰ) ਦਾ ਬਪਤਿਸਮਾ ਮਿਲਿਆ ਜਿਸ ਨਾਲ ਉਹ ''ਨਿਸ਼ਾਨ, ਅਚੰਭੇ ਅਤੇ ਕਰਾਮਾਤਾਂ'' ਵਿਖਾ ਸਕਿਆ ਜਿਸ ਵਿਚ ''ਰਸੂਲ ਹੋਣ ਦੇ ਨਿਸ਼ਾਨ'' (2 ਕੁਰਿੰਥੀਆਂ 12:12) ਅਤੇ ਮਸੀਹੀ ਲੋਕਾਂ ਉੱਤੇ ਹੱਥ ਰੱਖ ਕੇ ਉਨ੍ਹਾਂ ਨੂੰ ਮੋਅਜਜ਼ੇ ਕਰਨ ਦੇ ਦਾਨ ਦੇਣ ਦੀ ਯੋਗਤਾ ਵੀ ਸ਼ਾਮਲ ਸੀ (ਰਸੂਲਾਂ ਦੇ ਕੰਮ 19:1-7)। ਲੂਕਾ ਨੇ ਇਹ ਨਹੀਂ ਕਿਹਾ ਕਿ ਸੌਲੁਸ ਨੂੰ ਆਤਮਾ (ਜਾਂ ਇਸ ਦੇ ਬਰਾਬਰ) ਦਾ ਬਪਤਿਸਮਾ *ਕਦੋਂ* ਮਿਲਿਆ, ਰਸੂਲਾਂ ਦੇ ਕੰਮ 9 ਅਧਿਆਇ ਦੀਆਂ ਘਟਨਾਵਾਂ ਦੇ ਦੌਰਾਨ ਜਾਂ ਬਾਅਦ ਵਿਚ। ਸੌਲੁਸ ਨੇ ਦਮਿਸ਼ਕ ਦੇ ਸਮਾਜ (ਸਿਨਾਗੋਗ) ਵਿਚ ''ਯਹੂਦੀਆਂ ਨੂੰ ਹੱਕੇ ਬੱਕੇ ਕਰਦਿਆਂ'' ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਗੱਲ ਕੀਤੀ, ਪਰ ਸਾਨੂੰ ਸਹੀ ਸਹੀ ਪਤਾ ਨਹੀਂ ਲਗ ਸਕਦਾ। [27]ਰਿੱਕ ਐਚਲੇ, ਦੁਆਰਾ ਸਦਰਨ ਹਿਲਜ਼ ਚਰਚ ਆਫ਼ ਕ੍ਰਾਈਸਟ, ਅਬੀਲੇਨ, ਟੈਕਸਸ ਵਿਚ 22 ਸਤੰਬਰ 1985 ਨੂੰ ਦਿੱਤਾ ਗਿਆ ਸੰਦੇਸ਼ ''ਏ ਮੈਨ ਵਿਦਾਊਟ ਏ ਕਾਂਗਰੀਗੇਸ਼ਨ।'' [28]ਉਹਦੇ ਆਤਮਾ ਦੇ ਅਧੀਨ ਹੋਣ ਦੀ ਯਕੀਨਨ ਹੀ ਇਕ ਹੋਰ ਗੱਲ ਹੈ। [29]ਗਲਾਤੀਆਂ 1:11-24 ਵਿਚ, ਪੌਲੁਸ ਨੇ ਉਸ ਵਕਤ ਦੀ ਗੱਲ ਕੀਤੀ ਜਦ ਉਹ ਮਸੀਹੀ ਬਣਿਆ ਸੀ। [30]''ਸੌਲੁਸ ਦੀਆਂ ਮੁਢਲੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ।

[31]ਗਲਾਤੀਆਂ 1:17। ਇਹ ਆਇਤ ਕਿਸੇ ਵੀ ਹੋਰ ਥਾਂ ਵਾਂਗ 9:22 ਅਤੇ 9:23 ਦੇ ਵਿਚਕਾਰ ਫਿਟ ਬੈਠਦੀ ਹੈ। [32]ਇਨ੍ਹਾਂ ਵਿੱਚੋਂ ਕੁਝ ਇਹ ਵਿਚਾਰ ਕਰਦੇ ਹਨ ਕਿ ਸੀਨੈ ਪਹਾੜ ਅਰਬ ਦੇ ਦੂਰ ਦੱਖਣ ਵੱਲ (ਗਲਾਤੀਆਂ 4:25) ਅਤੇ ਸੁਝਾਅ ਦਿੰਦੇ ਹਨ ਕਿ ਸੌਲੁਸ ਨੇ ਮੂਸਾ ਅਤੇ ਏਲੀਆਹ ਵਾਂਗ ਸੀਨੈ ਦਾ ਰੂਹਾਨੀ ਸਫ਼ਰ ਕੀਤਾ, ਪਰ ਅਜਿਹੇ ਸਫ਼ਰ ਦਾ ਕੋਈ ਸਬੂਤ ਨਹੀਂ ਹੈ। [33]ਯਿਸੂ ਵੱਲੋਂ ਪ੍ਰਭੂ ਭੋਜ ਕਾਇਮ ਕਰਨ ਦਾ ਪੌਲੁਸ ਦਾ ਵਿਰਤਾਂਤ ਇੰਜੀਲ ਦੇ ਵਿਰਤਾਂਤਾਂ ਵਿੱਚੋਂ ਕਿਸੇ ਵੱਲੋਂ ਵੀ ਇਸ ਘਟਨਾ ਦੇ ਲਿਖਣ ਤੋਂ *ਪਹਿਲਾਂ* ਦਾ ਲਿਖਿਆ ਗਿਆ। [34]ਇਸ ਲਈ ਉਹ ਕਿਸੇ ਵੀ ਤਰ੍ਹਾਂ ਕਿਸੇ ਹੋਰ ਰਸੂਲ ਨਾਲੋਂ ਘੱਟ ਨਹੀਂ ਸੀ (2 ਕੁਰਿੰਥੀਆਂ 12:11)।




1. ਮਸੀਹੀ ਲੋਕਾਂ ਨੂੰ ''ਦਬਕਾਉਣ ਅਤੇ ਕਤਲ ਕਰਨ'' ਵਾਸਤੇ ਸੌਲੁਸ ਯਰੂਸ਼ਲਮ ❶ ਤੋਂ ਦਮਿਸ਼ਕ ❷ ਲਈ ਰਵਾਨਾ ਹੋਇਆ (9:1; 22:5; 26:12)।
2. ਦਮਿਸ਼ਕ ਦੇ ਰਾਹ ਵਿਚ ਯਿਸੂ ਨਾਲ ਮਿਲ ਕੇ, ਸੌਲੁਸ ਸ਼ਹਿਰ ਵਿਚ ਵੜਦਾ ਹੈ ਅਤੇ ਹਨਨੀਆਹ ❷ ਦੁਆਰਾ ਉਹਨੂੰ ਬਪਤਿਸਮਾ ਲੈਣ ਲਈ ਕਿਹਾ ਜਾਂਦਾ ਹੈ। ਛੇਤੀ ਉਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੰਦਾ ਹੈ (9:20-22)।
3. ਸੌਲੁਸ ਅਰਬ ❸ ਵਿਚ ਜਾਂਦਾ ਹੈ (ਗਲਾਤੀਆਂ 1:17) ਅਤੇ ਬਾਅਦ ਵਿਚ ਦਮਿਸ਼ਕ ❷ ਵਿਚ ਵਾਪਸ ਆ ਜਾਂਦਾ ਹੈ। ਯਹੂਦੀਆਂ ਦੇ ਕ੍ਰੋਧ ਤੋਂ ਬਚਣ ਲਈ, ਉਹ ਰਾਤ ਨੂੰ ਇਕ ਟੋਕਰੇ ਵਿਚ ਬੈਠ ਕੇ ਸ਼ਹਿਰੋਂ ਨੱਸ ਜਾਂਦਾ ਹੈ (ਰਸੂਲਾਂ ਦੇ ਕੰਮ 9:23-25) ਅਤੇ ਯਰੂਸ਼ਲਮ ❶ ਵਿਚ ਜਾਂਦਾ ਹੈ। ਉੱਥੇ ਬਰਨਾਬਾਸ ਉਹਨੂੰ ਕਬੂਲ ਕਰ ਲੈਂਦਾ ਹੈ ਅਤੇ ਉਹਦੀ ਮੁਲਾਕਾਤ ਪਤਰਸ ਅਤੇ ਯਾਕੂਬ ਨਾਲ ਹੁੰਦੀ ਹੈ (ਰਸੂਲਾਂ ਦੇ ਕੰਮ 9:26-28; ਗਲਾਤੀਆਂ 1:18, 19)।
4. ਯਹੂਦੀਆਂ ਤੋਂ ਦੁਬਾਰਾ ਧਮਕੀ ਮਿਲਣ ਤੇ, ਸੌਲੁਸ/ਪੌਲੁਸ ਨੂੰ ਭਾਈਆਂ ਦੁਆਰਾ ❹ ਕੈਸਰੀਆ ਵਿਚ ਲਿਆਇਆ ਜਾਂਦਾ ਹੈ ਅਤੇ ਉਹਦੇ ਸ਼ਹਿਰ ਤਰਸੁਸ ❺ ਵਿਚ ਭੇਜਿਆ ਜਾਂਦਾ ਹੈ (9:29, 30)।
5. ਕਰੀਬ ਸੱਤ ਸਾਲ ਉੱਥੇ ਰਹਿ ਕੇ, ਪੌਲੁਸ ਕਲਿਕੀਆ ਅਤੇ ਸੂਰੀਆ ਵਿਚ ਪ੍ਰਚਾਰ ਕਰਦਾ ਹੈ (ਗਲਾਤੀਆਂ 1:21)। ਬਰਨਾਬਾਸ ਸੌਲੁਸ ਨੂੰ ਤਰਸੁਸ ❺ ਤੋਂ ਅੰਤਾਕੀਆ ❻ ਵਿਚ ਲਿਆਉਂਦਾ ਹੈ ਜਿੱਥੇ ਉਹਨੇ ਅਤੇ ਸੌਲੁਸ ਨੇ ਇਕ ਸਾਲ ਤਕ ਕੰਮ ਕੀਤਾ ਸੀ (ਰਸੂਲਾਂ ਦੇ ਕੰਮ 11:22-26)।

**ਸੌਲੁਸ ਦੀਆਂ ਮੁਢਲੀਆਂ ਯਾਤਰਾਵਾਂ**